ੴ


ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

## ਫ਼ੌਜੀ ਕਾਰਵਾਈ ਪਿਛੋਂ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ

ਨਵੰਬਰ ੧੯੮੪



NOV 1984

www.AKJ.Org

# ਤਤਕਰਾ


| | | |
|---|---|---|
| ਸਭ ਤੇ ਵਡਾ ਸਤਿਗੁਰੁ ਨਾਨਕੁ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਘਰ 'ਮਹਿ ਘਰੁ ਦਿਖਾਇ ਦੇਇ (ਵਿਆਖਿਆ) | ੪ | " " " |
| ਸਭ ਤੇ ਵਡਾ ਸਤਿਗੁਰੁ ਨਾਨਕ | ੭ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਗੁਰੂ ਨਾਨਕ ਦੀ ਮਹਿਮਾ (ਕਵਿਤਾ) | ੧੩ | ਸ: ਸੰਤਾ ਸਿੰਘ ਜੀ ਆਜਿਜ਼ |
| ਗ਼ਜ਼ਲ | ੧੩ | ਸ: ਜਤਿੰਦਰ ਸਿੰਘ ਜੀ |
| ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੨) | ੧੪ | ਕੈਪਟਿਨ ਸਵਰਨ ਸਿੰਘ ਜੀ |
| ਰੱਬ ਦੇ ਸ਼ਰੀਕ | ੧੯ | ਸ: ਸੰਤਾ ਸਿੰਘ ਜੀ ਆਜਿਜ਼ |
| 'ਜਿਸੁ ਦੇਇ ਸੁ ਪਾਵਹੇ' | ੨੧ | ਸ: ਹਰਬੰਸ ਸਿੰਘ ਜੀ ਲਾਇਲਪੁਰੀ |
| ਵਧ ਰਹੀ ਅਪਵਿਤ੍ਰਤਾ ਤੇ ਆਚਰਣ-ਹੀਣਤਾ | ੨੩ | ਭਾਈ ਮੋਹਨ ਸਿੰਘ ਜੀ ਵੈਦ |
| ਅਕਾਲੀ ਜੀ ਦਾ ਪੰਥ ਪ੍ਰਤੀ ਪਿਆਰ ਤੇ ਸੇਵਾ | ੨੪ | ਸ: ਅਤਰ ਸਿੰਘ ਜੀ |
| ਫ਼ੌਜੀ ਕਾਰਵਾਈ ਪਿਛੋਂ ਇਕ ਇਤਿਹਾਸ-ਖੋਜੀ ਦੇ ਵਲਵਲੇ | ੨੫ | ਕੈਪਟਿਨ ਸਵਰਨ ਸਿੰਘ ਜੀ |
| ਅੰਬਰ ਵਿਚ ਖਿਲਰੀਆਂ ਕੂਕਾਂ (ਕਵਿਤਾ) | ੨੬ | ਗਿ: ਗੋਪਾਲ ਸਿੰਘ ਜੀ ਮਿੱਤਰ |
| ਪੰਜਾਬ ਦਾ ਮਸਲਾ ਤੇ ਉਸ ਦਾ ਹੱਲ | ੨੮ | ਸ: ਮਹਿੰਦਰ ਸਿੰਘ ਜੀ |
| ਜ਼ਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਭਾਸ਼ਨ | ੩੦ | ਸਿੰਘ ਸਾਹਿਬ ਗਿ: ਕ੍ਰਿਪਾਲ ਸਿੰਘ ਜੀ |
| ਧੰਨਵਾਦ ਦਿਵਸ 'ਤੇ ਹੁਲੜਬਾਜ਼ੀ | ੩੨ | ਵਿਸ਼ੇਸ਼ ਰੀਪੋਰਟ, ਸੰਤ ਸਿਪਾਹੀ |
| ਪਵਿਤਰ ਸਰੋਵਰ ਦੀ ਕਾਰ ਸੇਵਾ | ੩੭ | 'ਸੂਰਾ' ਪਰਵਾਰ |
| ਪੰਥਕ ਖ਼ਬਰਾਂ | ੩੯ | ਅਖ਼ਬਾਰਾਂ ਦੀ ਜ਼ਬਾਨੀ |


ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ ੮ ਨਵੰਬਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ਮਿਲੀ ੨੫ ਨਵੰਬਰ ਸ੍ਰੀ ਗੁਰੂ ਤੇਗ ਬਹਾਦਰ ਜੀ ਜੋਤੀ ਜੋਤਿ (ਸ਼ਹੀਦੀ) ੨੭ ਨਵੰਬਰ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਕੇਵਲ ਸਿੰਘ ਜਬਲਪੁਰ | ੨੧-੦੦ | ਹਵਾਲਦਾਰ ਦਿਆਲ ਸਿੰਘ ੫੬ ਏ. ਪੀ. ਓ. | ੨੫-੦੦ |
| ਭਾ: ਮਨੋਹਰ ਸਿੰਘ ਅਨੰਦ ਕਾਨਪੁਰ | ੩੧-੦੦ | ਸ: ਜੇ. ਐਸ. ਖਨੂਜਾ ਕੇਰੀ ਸਾਂਖਲੀ | ੧੦-੦੦ |
| ਮੈ: ਫ਼ੈਮਸ ਸਾਈਕਲ ਇੰਡਸਟ੍ਰੀ ਲੁਧਿਆਣਾ | ੧੧-੦੦ | ਸ: ਹਰਬੰਸ ਸਿੰਘ ਜੀ ਚਾਵਲਾ ਦਿਲੀ | ੫੧-੦੦ |
| ਰਾਹੀਂ ਭਾਈ ਦੀਦਾਰ ਸਿੰਘ ਜੀ | ੪੩-੦੦ | ਇਕ ਸਿੰਘ ਜੀ | ੨੫-੦੦ |
| ਸ: ਨਿਰਮਲ ਸਿੰਘ ਭਾਗੋ ਮਾਜਰਾ | ੩੮-੦੦ | ਇਕ ਬੀਬੀ ਜੀ | ੧੫੦-੦੦ |
| ਸ: ਕੁਲਬੀਰ ਸਿੰਘ ਪ੍ਰਡਸੀ ਯੂ. ਕੇ. | ੧੦੦-੦੦ | ਸ: ਕਰਤਾਰ ਸਿੰਘ ਬੇਦੀ ਮੇਰਨ | ੧੦੦-੦੦ |
| ਸ: ਕਰਤਾਰ ਸਿੰਘ ਗਰੀਬ ਲੁਧਿਆਣਾ | ੧੧-੦੦ | ਸ: ਸੁਜਾਨ ਸਿੰਘ ਖਤੌਲੀ | ੨੧-੦੦ |
| ਭਾ: ਦਲਜੀਤ ਸਿੰਘ ਖਾਲਸਾ ਬ੍ਰਦਰਜ਼ ਅੰਮ੍ਰਿਤਸਰ | | ਪਿਤਾ ਭਾਈ ਈਸ਼ਰਸਿੰਘ ਜੀ ਦੀ ਬਰਸੀ ਦੇ ਭੋਗ ਸਮੇਂ | ੧੧੩-੦੦ |
| ਸ: ਜੋਧ ਸਿੰਘ ਰਾਜਿੰਦਰ ਸਿੰਘ ਨਵੀਂ ਦਿਲੀ | | ਬੀਬੀ ਅਮਰਜੋਤ ਕੌਰ ਦੇ ਅਨੰਦ ਦੀ ਖ਼ੁਸ਼ੀ ਵਿਚ | ੨੧-੦੦ |
| ਸ: ਜਵੰਦ ਸਿੰਘ ਤਾਰਨ ਸਿੰਘ ਫ਼ਿਲੌਰ | | ਪਿਤਾ ਸ: ਗਿਆਨ ਸਿੰਘ ਜ਼ੀ ਦੇ ਅੰਤਮ ਭੋਗ ਸਮੇਂ | ੩੧-੦੦ |
| ਸ: ਮੋਤਾ ਸਿੰਘ ਪਿਲਖੂਆ | | ਪੋਤਰੇ ਦੇ ਅਨੰਦ ਦੀ ਖ਼ੁਸ਼ੀ ਵਿਚ | ੧੦੫-੦੦ |
| ਸ: ਸਤਨਾਮ ਸਿੰਘ ਸੁਰਜੀਤ ਸਿੰਘ ਅੰਮ੍ਰਿਤਸਰ | | ਪਿਤਾ ਸ: ਗੁਰਬਚਨ ਸਿੰਘ ਜੀ ਦੀ ਯਾਦ ਵਿਚ | ੫੧-੦੦ |
| ਸ: ਗੁਰਚਰਨ ਸਿੰਘ ਲੁਧਿਆਣਾ | | ਕਾਕਾ ਪ੍ਰਭਜੀਤ ਸਿੰਘ ਦੇ ਅਨੰਦ ਦੀ ਖ਼ੁਸ਼ੀ ਵਿਚ | ੨੫-੦੦ |
| ਸ: ਤਰਲੋਕ ਸਿੰਘ ਜਲੰਧਰ | | ਸੁਪਤਨੀ ਦੀ ਅੰਤਮ ਯਾਦ ਵਿਚ | ੫੧-੦੦ |
| ਜਥੇਦਾਰ ਲਛਮਣ ਸਿੰਘ ਧਨਬਾਦ | | ਸ੍ਰੀ ਅਖੰਡਪਾਠ ਸਮਾਗਮ ਸਮੇਂ | ੧੦੧-੦੦ |
| ਬੀਬੀ ਮਹਿਤਾਬ ਕੌਰ ਨਵੀਂ ਦਿਲੀ | | ਪੋਤਰੇ ਦੇ ਜਨਮ ਦੀ ਖ਼ੁਸ਼ੀ ਵਿਚ | ੫੫-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੧੧.੮੪ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ : 51847 ਘਰ 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| ਹਵਾਈ ਡਾਕ | |
| ਅਰਬ, ਮਲਾਇਆ | ੫੫-੦੦ |
| ਯੂ. ਕੇ., ਅਫਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ ਲਾਈਫ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| ਹਵਾਈ ਡਾਕ | |
| ਯੂ. ਕੇ. ਅਫਰੀਕਾ | ੭੫੦-੦੦ |
| ਕੈਨੇਡਾ, ਅਮਰੀਕਾ | ੯੦੦-੦੦ |
| ਅਰਬ ਮਲਾਇਆ | ੫੫੦-੦੦ |

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੮ ਨਵੰਬਰ ੧੯੮੪ ਅੰਕ ੧੧


## ਸਭ ਤੇ ਵਡਾ ਸਤਿਗੁਰੁ ਨਾਨਕੁ

ਸੰਸਾਰ ਵਿਚ ਜੋ ਜੋ ਔਲੀਆ, ਅੰਬੀਆ, ਗੌਂਸ, ਪੈਗੰਬਰ, ਅਵਤਾਰ ਹੋਏ, ਓਹਨਾਂ ਦੇ ਮੁਰਾਤਬੇ ਦੀ ਵਡਿਆਈ ਉਹਨਾਂ ਦੇ ਸੰਸਾਰ ਪ੍ਰਤੀ ਵਰੋਸਾਇ ਦਾਤਿ-ਜੋਤੀ-ਕਰਤੱਵ ਤੋਂ ਹੀ ਪੇਖੀ ਪਰਖੀ ਜਾਂਦੀ ਹੈ। ਸੰਸਾਰੀਆਂ ਲਈ ਸਭ ਤੋਂ ਵੱਡੀ ਦਾਤਿ ਓਹ ਹੈ ਜੋ ਸੰਸਾਰੀਆਂ ਨੂੰ ਸੰਸਾਰ ਤੋਂ ਉੱਚਾ ਕਰ ਦਿਖਲਾਏ, ਜੋ ਸੰਸਾਰੀਆਂ ਨੂੰ ਸੰਸਾਰਤ ਭਾਵ ਤੋਂ ਉਚੇਰੇ ਆਤਮ-ਮੰਡਲ ਵਿਖੇ ਉਡਾਰੀਆਂ ਦੇਣ ਲਈ ਸ਼ਕਤਿ-ਪੰਖ ਪ੍ਰਦਾਨ ਕਰੇ, ਜੋ ਆਤਮ-ਪ੍ਰਮਾਤਮ ਦੇ ਸੰਗਮ (ਮੇਲ) ਝਲਕਾਰੇ ਦਿਖਲਾਉਣ ਲਈ ਪਾਰਸ-ਕਲਾ ਵਾਲੇ ਵਰਤਾਰੇ ਪਰਤੱਖ ਵਰਤਾਣ ਨੂੰ ਸਮਰੱਥ ਹੋਵੇ। ਸਭ ਤੋਂ ਵੱਡੀ ਦਾਤਿ ਓਹ ਹੈ ਜੋ ਸਭ ਤੋਂ ਵੱਡੇ ਸਾਹਿਬ ਅਲੱਖ ਦਾਤਾਰ ਨੂੰ, ਸਾਰੀ ਸ੍ਰਿਸ਼ਟੀ ਦੇ ਸਿਰਜਨਹਾਰ ਨੂੰ, ਅਗਮ ਅਗੋਚਰ ਅਤੇ ਸਰਬੱਗ ਕਰਤਾਰ ਨੂੰ ਅਸਾਂ ਪੰਜ-ਭੂਤਕੀ ਸ੍ਰਿਸ਼ਤ (ਖ਼ਮੀਰ) ਵਾਲੇ ਸਿਰਜੇ ਸੰਸਾਰੀ ਅਲਪੱਗ ਜੀਵਾਂ ਪ੍ਰਤੀ ਸਾਂਗੋ-ਪਾਂਗ ਲਖਾਇਕ ਹੋਵੇ।

ਅਜਿਹੀ ਸਭ ਤੋਂ ਉੱਚੀ ਸੁੱਚੀ ਅਤੇ ਸਭ ਤੋਂ ਵੱਡੀ ਦਾਤਿ ਦਾ ਲਖਾਵਣਹਾਰ ਦਾਤਾਰ ਨਿਰਸੰਦੇਹ ਸਭ ਤੋਂ ਵੱਡਾ ਸਤਿ ਪੁਰਖ ਹੈ। ਜੋਤਿ ਪ੍ਰਕਾਸ਼ ਨੂੰ ਗੁਪਤੋਂ ਪ੍ਰਗਟ ਕਰਨਹਾਰਾ ਹੀ ਸੱਚਾ ਸਤਿਗੁਰੂ, ਸਭ ਤੋਂ ਵੱਡਾ ਸਤਿਗੁਰੂ ਹੈ। ਏਸ ਦਾਤਿ-ਜੋਤਿ ਦੀ ਵਡਿਆਈ ਕਰਕੇ ਹੀ ਸਭ ਤੋਂ ਵੱਡਾ ਹੈ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਧੁਰ ਦਰਗਾਹੋਂ ਸਭ ਤੋਂ ਵੱਡੀ ਦਾਤਿ-ਇਲਾਹੀ ਨਾਮ ਦੀ ਬਖ਼ਸ਼ਿਸ਼ (ਦਾਤਿ) ਪਾਈ ਅਤੇ ਸੰਸਾਰ ਵਿਚ ਆ ਕੇ ਪ੍ਰਗਟ ਕਰਿ ਵਰਤਾਈ। [ਭਾ: ਸਾ: ਰਣਧੀਰ ਸਿੰਘ ਜੀ ਲਿਖਿਤ ਪੁਸਤਕ ''ਗੁਰਮਤਿ ਪ੍ਰਕਾਸ਼ ਵਿਚੋਂ''



www.AKJ.Org

# ਘਰ ਮਹਿ ਘਰੁ ਦੇਖਾਇ ਦੇਇ

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥
ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥੧॥੨੭॥

[ਵਾਰ ਮਲਾਰ, ਸਲੋਕ ਮ: ੧, ਪੰਨਾ ੧੨੯੦-੯੧

ਆਤਮ ਵਿਲੱਖਣੀ ਅਵਸਥਾ ਵਾਲੀ ਖੇਡ ਬੜੀ ਹੀ ਅਨੂਪਮ ਹੈ। ਇਹ ਕੇਵਲ ਗੁਰੂ ਘਰ (ਗੁਰੂ ਨਾਨਕ ਦੇਵ ਦੇ ਘਰ) ਵਿਚਿ ਹੀ ਮਖ਼ਸੂਸ ਹੈ। ਐਸਾ ਸਤਿਗੁਰੁ ਪੁਰਖੁ ਸੁਜਾਣੁ ਕੇਵਲ ਗੁਰੂ ਨਾਨਕ ਸਾਹਿਬ ਹੀ ਆਪਣੇ ਵਿਸ਼ੇਸ਼ ਗੁਰ-ਜੋਤਿ-ਜਾਮਿਆਂ ਵਿਚਿ ਹੋਇਆ ਹੈ, ਜੋ ਆਤਮ-ਅਗੰਮੀ-ਅਦ੍ਰਿਸ਼ਟ ਨਜ਼ਾਰੇ ਨੂੰ ਪਰਮਾਰਥਕ ਜਗਿਆਸੂਆਂ ਪ੍ਰਤੀ ਪਰਤੱਖ ਦਰਸਾਇ ਦੇਵੇ। ਗੁਰੂ ਦਸੋਂ ਜੋਤਿ-ਜਾਮਿਆਂ ਦੀ ਅਮਰ ਗੁਰੂ ਪਾਤਸ਼ਾਹੀ ਪਿਛੋਂ ਸ੍ਰੀ ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਨੇ ਆਪਣੀ ਤ੍ਰਿਕਾਲ-ਦ੍ਰਿਸਟਤਾ ਦਾ ਅਹੰਮ ਸਬੂਤ ਦਿੰਦੇ ਹੋਏ, ਇਹ ਅਮਰ-ਏਜ਼ਦੀ (ਸਦੀਵੀ) ਸੱਚੀ ਸ਼ਹਿਨਸ਼ਾਹੀ-ਮਈ ਗੁਰੂ ਪਾਤਸ਼ਾਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਖਸ਼ ਦਿਤੀ, ਅਤੇ ਇਸ ਅਮਰ ਅਟੱਲ ਆਦਿ ਅੰਤੁ ਇਕੋ ਗੁਰੂ ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਫ਼ੁਰਮਾਨਗੀ ਵਿਚਿ ਗੁਰੂ ਸਰੂਪ ਪੰਜਾਂ ਪਿਆਰਿਆਂ ਦੀ ਜਮਹੂਰੀਅਤ ਕਾਇਮ ਕਰ ਦਿੱਤੀ, ਅਤੇ ਇਸ ਜਮਹੂਰੀਅਤ ਨੂੰ ਆਤਮ-ਜ਼ਹੂਰੀ ਪੂਰੀ ਸਮਰੱਥਾ ਪਰਦਾਨ ਕਰ ਦਿੱਤੀ। ਇਸ ਜਮਹੂਰੀਅਤ ਦਾ ਖ਼ਾਸ ਸੀਗਾ ਅਧਿਕਾਰੀ ਜਨਾਂ ਨੂੰ ਅੰਮ੍ਰਿਤ ਛਕਾਇ ਕੇ, ਅਮਰ-ਜ਼ੀਸਤਨੀ ਜੀਵਨ ਜੁਗੋ ਜੁਗ ਅਟੱਲਤਾਈ ਸਹਿਤ ਬਖਸ਼ ਦਿਤਾ। ਤਾਂ ਜੁ ਆਉਣ ਵਾਲੇ ਘੋਰ ਕਲਜੁਗੀ ਸਮੇਂ ਵਿਚਿ ਆਪੋਂ ਬਣ ਬੈਠੇ ਦੇਹਧਾਰੀ ਡਿੰਭੀ ਗੁਰੂਆਂ ਦੀ ਪਰਮਾਰਥ ਪਾਪ ਗਾਰਤਗਰੀ ਹਮੇਸ਼ਾ ਲਈ ਖ਼ਤਮ ਹੋ ਜਾਵੇ। ਜੀਆ ਦਾਨ ਆਤਮ ਨੀਸ਼ਾਨੀ ਪੰਚ ਪਰਵਾਨੀ, ਪੰਚ ਪਰਧਾਨੀ ਪੰਜਾਂ ਪਿਆਰਿਆਂ ਦਾ ਪੁੰਜ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਸਦਾ ਲਈ ਨੀਯਤ ਕਰ ਦਿੱਤਾ। ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਦੇ, ਸੱਚੀ ਗੁਰੂ ਪਾਤਸ਼ਾਹੀ ਦੇ, ਇਸ ਇਲਾਹੀ ਗੁਰ ਫ਼ੁਰਮਾਨ ਪਸਚਾਤ, ਇਹਨਾਂ ਅਮਰ-ਜ਼ੀਸਤੀ ਪੰਜਾਂ ਪਿਆਰਿਆਂ ਦਾ ਪੁੰਜ ਗੁਪਤੋ ਗੁਪਤ ਗੁਰੂ ਪੰਥ ਅੰਦਰਿ ਸੀਨਾ ਬਸੀਨਾ ਹੀ ਚਲਿਆ ਆਉਂਦਾ ਰਿਹਾ ਹੈ ਅਤੇ ਹੁਣ ਤਾਈਂ ਚਲਿਆ ਆਉਂਦਾ ਹੈ। ਉਪਰ ਦਿੱਤੇ ਗੁਰ-ਵਾਕ ਅੰਦਰਿ ਦਰਸਾਈ ਅਮਰ ਕਲਾ ਦਾ ਦਾਅਵਾ ਭੇਖੀ ਅਤੇ ਡਿੰਭੀ ਗੁਰੂ ਕਰਦੇ ਚਲੇ ਆ ਰਹੇ ਹਨ ਅਤੇ ਹੁਣ ਭੀ ਕਈ ਆਪੋਂ ਬਣ ਬੈਠੇ ਤੇ ਡਿੰਭੀ ਦੇਹਧਾਰੀ ਗੁਰੂ ਕਰਦੇ ਹਨ ਅਤੇ ਵੰਗਾਰ ਵੰਗਾਰ ਕੇ ਕਰਦੇ ਹਨ। ਬਹੁਤ ਸਾਰਾ ਆਸਰਾ ਉਪਰ ਦਿੱਤ ਗੁਰਵਾਕ ਦਾ ਹੀ ਲੈਂਦੇ ਹਨ, ਜੋ ਸਰਾਸਰ ਗ਼ਲਤ ਅਤੇ ਬੇਹੂਦਾ ਹੈ। ਆਮ ਜਨਤਾ ਨੂੰ ਗੁਮਰਾਹ ਕਰਨ ਵਾਲੀ ਬੇਹੂਦਗੀ ਵਿਚਿ ਭ੍ਰਮਾਉਣ ਭੜਕਾਉਣ-ਹਾਰਾ ਦਾਅਵਾ ਹੈ, ਇਸ ਕਰਕੇ ਇਸ ਗੁਰਵਾਕ ਦੀ ਤਰਦੀ ਤਰਦੀ ਗੂੜ੍ਹ ਭਾਵੀ-ਵਿਆਖਿਆ ਕਰਨ ਦੀ ਅਵੱਸ਼ ਲੋੜ ਪਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ-ਦਾਰੀ ਅਤੇ ਤਾਬਿਆਗੀਰੀ ਵਾਲੀ ਸੱਚੀ ਪਾਤਸ਼ਾਹੀ ਦੇ ਹਜ਼ੂਰ ਇਕ ਨਹੀਂ, ਅਨੇਕਾਂ ਹੀ ਪਰਤੱਖ ਹੋਏ, ਪਰਤੱਖ ਬੀਤੇ



www.AKJ.Org

ਵਰਤੇ ਜ਼ਾਹਰਾ ਜ਼ਹੂਰ ਚਮਤਕਾਰ ਸਾਂਗੋ ਪਾਂਗ ਗੁਰਮਤਿ ਆਤਮ ਅਵਸਥਾ ਦੀ ਟੀਸੀ ਵਾਲੀ ਕਲਾ ਦੇ ਨਿਜ ਦ੍ਰਿਸ਼ਟੀ ਗੋਚਰ ਹੋਏ। ਖ਼ਾਸ ਖ਼ਸੂਸੀਅਤ ਵਿਖੇ ਦੇਖੇ ਜਾਣ ਕਰਕੇ, ਗੁਰੂ ਦਰਸਾਈ ਗੁਰੂ ਵਰੋਸਾਈ ਇਹ ਹਿੰਮਤ ਭਰੀ ਹਿਆਉਂ-ਸਰਧਨੀ ਉਪਜੀ ਹੈ ਕਿ ਖ਼ਾਸ ਇਸ ਉਪਰਲੇ ਗੁਰਵਾਕ ਦੀ ਵਿਆਖਿਆ ਵਿਥਾਰੀ ਜਾਵੇ, ਜੋ ਇਸ ਪਰਕਾਰ ਹੈ :—

**ਅੰਮ੍ਰਿਤ ਸੰਚਾਰ ਸਮੇਂ ਪੂਰਨ ਅਧਿਕਾਰੀ ਰੂਹੜੀਆਂ ਉਤੇ ਇਹ ਕਲਾ ਪਰਤੱਖ ਵਰਤ ਜਾਂਦੀ ਹੈ ਕਿ ਅਧਿਕਾਰੀ ਜਨ ਦੇ ਘਟ ਅੰਦਰਿ ਤੱਤਕਾਲ ਹੀ ਐਨ ਅੰਮ੍ਰਿਤ ਸੰਚਾਰ ਸਮੇਂ (ਪੂਰਬਲੇ ਜਨਮਾਂ ਦੀ ਕਮਾਇ ਦਾ ਅੰਕੂਰ ਉਗਵਨ ਕਰਕੇ ਯਾ ਹੋਰ ਕਿਵੇਂ ਗੁਰੂ ਕਰਤਾਰ ਦੀਆਂ ਨਦਰਾਂ ਮੇਹਰਾਂ ਦਾ ਸਕਦਾ) ਆਤਮ-ਤੇਜਸੀ-ਅੰਮ੍ਰਿਤ-ਰਸ-ਜੋਤਿ ਦਾ ਪਰਕਾਸ਼ ਹੋ ਜਾਂਦਾ ਹੈ।** ਇਹ ਅੰਮ੍ਰਿਤ ਰਹੱਸ ਭਰਪੂਰ ਲੀਣੀ ਜੋਤਿ ਪ੍ਰਕਾਸ਼ ਦਾ ਚਾਨਣਾ,ਧੁਰਿ ਸਚਖੰਡੀ ਅਮਰ ਅਟਾਰੜੇ ਮੰਡਲਾਂ ਵਾਲੀ ਅਗੰਮ ਮੰਜ਼ਲ ਤਾਈਂ ਪੁਚਾ ਦਿੰਦਾ ਹੈ। ਤੇ ਇਕ-ਦਮ ਪੁਚਾ ਦਿਤਾ ਹੈ। 'ਘਰ ਮਹਿ ਘਰੁ ਦੇਖਾਇ ਦੇਇ' ਦਾ ਇਹ ਪਾਰਸ-ਰਸਾਇਣੀ ਜ਼ਾਹਿਰਾ ਜ਼ਹੂਰ ਕਰਾਮਾਤੀ ਕ੍ਰਿਸ਼ਮਾ (ਮੁਅਜਜ਼ਾ)ਜ਼ਹੂਰ ਪਜ਼ੀਰ ਹੁੰਦਾ ਹੈ। ਜਿਨ੍ਹਾਂ ਅੰਮ੍ਰਿਤ ਪਾਨੀ ਅੰਮ੍ਰਿਤ ਪਾਤਰਾਂ ਦੇ ਅੰਤਰਿ ਆਤਮੇ ਤੱਤਕਾਲ ਹੀ ਇਹ ਮੁਅਜਜ਼ਾ ਨਹੀਂ ਵਰਤਦਾ, ਤਾਂ ਅੰਮ੍ਰਿਤ ਨਾਮ ਦੀਆਂ ਅਟੱਲ ਅਥੱਕ ਕਮਾਈਆਂ ਕਰਿ ਕਰਿ ਅਗੇ ਪਿਛੇ ਵਰਤ ਜਾਂਦਾ ਹੈ, ਪਰ ਜ਼ਰੂਰ ਹੀ ਜ਼ਹੂਰ ਪਜ਼ੀਰ ਹੋ ਕੇ ਵਰਤਦਾ ਹੈ। ਇਸ ਵਿਚਿ ਰੰਚਕ ਸੰਦੇਹ ਨਹੀਂ। ਗੁਰਮੁਖਿ ਨਦਰ-ਅੰਮ੍ਰਿਤੀ ਅੰਮ੍ਰਿਤ ਮਿਹਰੰਮਤੀ ਜਨ ਜਗਿਆਸੂ ਦੇ ਹਿਰਦੇ ਰੂਪੀ ਘਰ ਅੰਦਰ ਹੀ ਅਮਰ ਅਟਾਰੜੇ ਵਾਲੇ ਸੱਚੇ ਸੱਚਖੰਡੀ ਘਰ ਦਾ ਦਰਸਾਰਾ ਹੋ ਜਾਂਦਾ ਹੈ। ਜਿਸ ਦਰਸਾਰੇ ਦੇ ਅਮਰ-ਜੋਤਿ-ਜੋਬਨੀ-ਨਜ਼ਾਰੇ ਦਾ ਪਸਾਰਾ ਅਤਿ ਅਨੂਪਮ ਤੇ ਅਕਥਨੀਯ ਹੈ। ਇਹ ਅਜਬ ਹੀ ਅਕੱਥ ਕਥਾ ਹੈ। ਸਤਿਗੁਰੂ ਗੁਰੂ ਨਾਨਕ ਦਸਮੇਸ਼ ਅਤੇ ਸ੍ਰੀ ਦਸਮੇਸ਼ ਦਾ ਥਾਪਿਆ ਪੰਜਾਂ ਗੁਰੂ ਸਰੂਪ ਪਿਆਰਿਆਂ ਦੀ ਤਾਬਿਆ ਵਾਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚਾ ਪਾਤਸ਼ਾਹ ਹੀ ਐਸਾ ਪੂਰਨ 'ਸਤਿਗੁਰੁ ਪੁਰਖੁ ਸੁਜਾਣੁ' ਹੈ ਜੋ 'ਘਰ ਮਹਿ ਘਰੁ ਦੇਖਾਇ' ਦੇਣ ਨੂੰ ਸਮਰੱਥ ਹੈ। ਤਿਤ ਸਚੇ ਸਚਖੰਡੀ ਘਰ ਵਿਖੇ ਸੱਚ ਪ੍ਰਕਾਸ਼ ਮਈ ਸੱਚਾ ਵਾਸਾ ਹੋ ਜਾਣ ਦੇ ਕਾਰਨ "ਪੰਚ ਸਬਦ ਧੁਨਿਕਾਰ ਧੁਨਿ, ਤਹ ਬਾਜੈ ਸਬਦੁ ਨੀਸਾਣੁ" ਵਾਲੀ ਸ਼ਬਦ ਨੀਸਾਣੀ ਅਨਹਦ ਬਾਜੇ ਧੁਨਿ ਬਜੰਤਰੀ ਖੇਡ ਤਾਂ ਸੁਤੇ ਹੀ ਗੁਰਮੁਖਿ ਜਗਿਆਸੂ ਜਨ ਦੇ ਘਟ ਅੰਤਰਿ ਵਰਤ ਜਾਂਦੀ ਹੈ। ਇਹ ਪੰਚ ਸ਼ਬਦ ਗੁਰਮਤਿ ਦੇ ਵਿਲੱਖਣ ਸ੍ਰੇਸ਼ਟ ਸ਼ਬਦ ਹਨ। ਪੰਚ ਸ਼ਬਦ ਦਾ ਅਰਥ ਏਥੇ ਸ੍ਰੇਸ਼ਟ ਅਤੇ ਅਲੌਕਕ ਸ਼ਬਦ ਦਾ ਹੈ, ਪੰਚ ਗਿਣਤੀ ਦੇ ਸ਼ਬਦ ਦਾ ਨਹੀਂ, ਜੈਸੇ ਕਿ ਹਠ ਜੋਗ ਅਭਿਆਸ ਵਾਲੇ ਦਸਦੇ ਹਨ।

ਰਾਧਾ ਸੁਆਮੀਏ ਤਾਂ ਕੰਨਾਂ ਦੀ ਘੂੰ ਘੂੰ ਬਜੰਤ੍ਰੀ ਅਵਾਜ਼ ਨੂੰ ਹੀ ਅਨਹਦ ਸ਼ਬਦ ਦੀ ਧੁਨੀ ਦਸਦੇ ਹਨ, ਜੋ ਓਹਨਾਂ ਦੀ ਮਹਿਜ਼ ਬਨਾਵਟੀ ਗੱਲ ਹੈ। ਅਨਹਦ ਧੁਨੀ ਉਹਨਾਂ ਨੂੰ ਕੋਈ ਸੁਣਾਈ ਨਹੀਂ ਦੇਂਦੀ। ਕੰਨਾਂ ਵਿਚਿ ਉਂਗਲੀਆਂ ਦੇ ਕੇ ਜੋ ਘੂੰ ਘੂੰ ਦੀ ਅਵਾਜ਼ ਦਿਮਾਗ ਅੰਦਰ ਉਪਜਦੀ ਹੈ, ਉਸ ਨੂੰ ਹੀ ਓਹ ਅਨਹਦ ਧੁਨੀ ਕਹਿੰਦੇ ਹਨ।

ਗੁਰਮਤਿ ਦੀ ਅਨਹਦ ਧੁਨੀ ਉਹ ਹੈ ਜੋ ਬਿਨਾਂ ਹਾਤੇ ਦੇ ਹੀ, ਮਸਨੂਈ ਖੜਕਾ ਕੀਤੇ ਤੋਂ ਬਿਨਾਂ ਹੀ ਆਪੋਂ ਹੀ ਅਗੰਮੀ ਧੁਨੀ ਉਪਜੇ। ਉਹੀ ਅਨਹਦ ਧੁਨੀ ਹੈ। ਇਹ ਅਨਹਦ ਧੁਨੀ ਕੇਵਲ ਗੁਰਮਤਿ ਨਾਮ ਦੀ ਅਥਾਹ ਕਮਾਈ ਕੀਤਿਆਂ ਹੀ ਅਮਰੋਂ ਪ੍ਰਾਪਤ ਹੁੰਦੀ ਹੈ, ਅਤੇ ਦਸਵੇਂ ਦੁਆਰ ਅੰਦਰਿ ਸੁਣਾਈ ਦੇਂਦੀ ਹੈ। ਬਿਨ ਵਜਾਇਆਂ ਸ਼ਬਦ ਰੂਪੀ ਨਗਾਰਾ ਬੜੀ ਮਿੱਠੀ ਧੁਨੀ ਵਿਚ ਵਜਦਾ ਹੀ ਰਹਿੰਦਾ ਹੈ। ਦਸਮ ਦੁਆਰ ਤਕ ਪੁਲਾੜ ਖੁਲ੍ਹੇ ਤੋਂ ਹੀ ਦੀਪਾਂ, ਲੋਆਂ, ਪਤਾਲਾਂ, ਖੰਡਾਂ ਬ੍ਰਹਿਮੰਡਾਂ ਦੇ ਮੰਡਲ ਉਘਾੜਤ ਹੋ ਜਾਂਦੇ ਹਨ। ਬੜੀ ਹੀ ਬਿਸਮਾਦ ਵਾਲੀ ਹੈਰਾਨ-ਕੁਨ ਅਸਚਰਜਤਾ ਵਾਪਰਦੀ ਹੈ। ਅੰਮ੍ਰਿਤ ਬਾਣੀ ਦੀਆਂ ਘੁਰਾਟੀ ਸ਼ਬਦ ਘੁਰਾਟੀ ਕੀਰਤਨ-ਧੁਨੀਆਂ ਜਿੱਥੇ ਹੁੰਦੀਆਂ ਹੀ ਰਹਿੰਦੀਆਂ ਹਨ। ਇਸ ਸਚਖੰਡ ਵਿਖੇ ਸੱਚਾ ਪਾਤਸ਼ਾਹ ਅਗੰਮੀ ਸੁਲਤਾਨ, ਦਿਬ ਮੂਰਤੀ ਵਾਲੀ ਅਕਾਲ ਹਸਤੀ ਵਾਲਾ ਵਾਹਿਗੁਰੂ ਨਿਰੰਕਾਰ ਦਿਬ-ਜੋਤੀਏ ਤਖਤ ਉਤੇ ਬਿਰਾਜਮਾਨ,



www.AKJ.Org

ਪਰਤੱਖ ਸਚਖੰਡੀ ਭਗਤ ਜਨਾਂ ਦੇ ਸਨਮੁਖ ਹਰ ਛਿਨ ਸਸ਼ੋਭਤ ਰਹਿੰਦਾ ਹੈ। ਏਥੇ ਸਦਾ ਸੁਖਮਤਾ ਦੇ ਘਰ ਵਿਚਿ ਨਿਰਬਾਣ ਕੀਰਤਨ ਦੇ ਅਲਾਪ ਸੁਣਦੇ ਹੀ ਰਹਿੰਦੇ ਹਨ। ਜਿਨ੍ਹਾਂ ਨੂੰ ਸੁਣ ਸੁਣ ਕੇ ਸੁਰਤੇ ਜਨ ਦੀ ਸੁਤੇ ਹੀ ਸੁਣਨ ਮੰਡਲ ਵਿਚਿ ਲਿਵ ਲਗ ਜਾਂਦੀ ਹੈ। ਇਹ ਅਨੂਪਮ ਅਕੱਥ ਕਥਾ, ਲਿਵ ਲਗਿਆਂ ਹੀ ਕੇਵਲ ਸੁਰਤੀ ਕਰਕੇ ਪਰਖੀ ਪੇਖੀ ਜਾ ਸਕਦੀ ਹੈ। ਖੁਸ਼ਕ ਫ਼ਿਲਾਸਫ਼ਰਾਂ ਦੀ ਫ਼ਿਲਾਸਫ਼ੀ ਭਰੀ ਵਿਦਿਆ ਕਰਕੇ ਨਹੀਂ ਵਿਚਾਰੀ ਜਾ ਸਕਦੀ। ਇਹ ਸਾਰੀਆਂ ਵਿਚਾਰਾਂ ਉਰੇ ਉਰੇ ਹੀ ਰਹਿ ਜਾਂਦੀਆਂ ਹਨ। ਮਾਨਵੀ ਵਿਚਾਰਾਂ ਤੋਂ ਉਪਰੰਤ ਜਦੋਂ ਨਾਮ ਅਭਿਆਸ ਦੀ ਕਮਾਈ ਦੇ ਪ੍ਰਤਾਪ ਕਰਿ ਸੁਰਤੀ ਤੁਰੀਆ-ਗੁਨੀ-ਮੰਡਲ ਵਿਚਿ ਜਾ ਖੇਡਦੀ ਹੈ, ਉਥੇ ਹੀ ਇਸ ਅਕੱਥ ਕਥਾ ਦਾ ਅਗੰਮੀ ਅਰਥ ਸਫੁਰਨ ਹੁੰਦਾ ਹੈ, ਪਰ ਕਥਿਆ ਫਿਰ ਭੀ ਨਹੀਂ ਜਾ ਸਕਦਾ। ਅਕੱਥ ਕਥਾ ਦੇ ਸੋਮੇ ਸ੍ਰੀ ਸਤਿਗੁਰੂ ਸਾਹਿਬਾਨ ਦੀ ਰਸਨਾ ਤੋਂ ਜੋ ਗੁਰਬਾਣੀ ਉਚਰਨਤ ਹੋਈ ਹੈ, ਉਹ ਸਹੀ ਅਰਥਾਂ ਵਿਚਿ ਅਗੰਮੀ ਅਕੱਥ ਕਹਾਣੀ ਹੈ, ਜਿਸ ਨੂੰ ਇਨ ਬਿਨ ਉਚਾਰਿਆਂ ਇਸ ਦਾ ਅਗੰਮੀ ਰਸ ਹੀ ਮਾਣਿਆ ਜਾ ਸਕਦਾ ਹੈ। ਅਖਰੀ ਅਰਥ ਮਾਅਨੇ ਇਸ ਦੇ ਫਿਰ ਭੀ ਕੁਛ ਨਹੀਂ ਹੋ ਸਕਦੇ। ਏਸ ਅਕੱਥ ਕਥਾ ਦੇ ਸਹਿਜ-ਸਰੋਤੀ ਸਰਵਨ ਨਿਧਿਆਸਨੀ ਕੀਰਤਨ ਦੀ ਲਿਵ-ਮੰਡਲੀ-ਮੰਡਲਾਂ ਵਿਚਿ ਖੇਡਣਹਾਰਿਆਂ ਦੀ, ਸੰਕਲਪ ਵਿਕਲਪ ਫੁਰਨੇ ਕਫੁਰਨੇ ਦੀ ਮਨਸਾ, ਮਨ ਵਿਖੇ ਹੀ ਸਮਾਈ ਰਹਿ ਜਾਂਦੀ ਹੈ ਅਤੇ ਬਿਰਤੀ ਚਕ੍ਰਿਤ ਜਿਹੀ ਹੋ ਜਾਂਦੀ ਹੈ। ਗੁਰਮਤਿ ਨਾਮ ਰੂਪੀ ਸ਼ਬਦ ਕਮਾਈ ਕੀਤਿਆਂ, ਮੂਧਾ ਪਿਆ ਹੋਇਆ ਨਾਭ-ਕਮਲ (ਨਾਭੀ ਦਾ ਕਵਲ) ਉਲਟ ਕੇ ਸਿੱਧਾ ਹੋ ਜਾਂਦਾ ਹੈ ਅਤੇ ਅੰਮ੍ਰਿਤ ਰਸ ਨਾਲ ਭਰ ਕੇ ਟਹਿ ਟਹਿ ਕਰਦਾ ਖਿੜ ਜਾਂਦਾ ਹੈ। ਇਸ ਦਸ਼ਾ ਨੂੰ ਪ੍ਰਾਪਤਿ ਹੋ ਕੇ ਨਾ ਚਿਤ-ਬਿਰਤੀ ਡੋਲਦੀ ਹੈ ਨਾ ਮਨੂਆ ਕਿਤੇ ਵਲ ਧਾਂਵਦਾ ਹੈ। ਅਖੰਡ ਜਾਪ, ਗੁਰ ਸ਼ਬਦ ਅਭਿਆਸੀ ਅਤੁੱਟ ਅਲਾਪ, ਅਜਪਾ ਜਾਪ ਲਿਵਤਾਰ ਵਿਚਿ ਹੋਣ ਲਗ ਪੈਂਦਾ ਹੈ। ਇਹ ਅਜਪਾ ਜਾਪ ਫਿਰ ਕਦੇ ਨਹੀਂ ਵਿਸਰਦਾ। ਆਦਿ ਜੁਗਾਦਿ ਹਰ ਸਮੇਂ ਹੀ ਸੁਰਤੀਸ਼ਰਾਂ ਦੀ ਸੁਰਤੀ ਵਿਚਿ ਸਮਾਇਆ ਰਹਿੰਦਾ ਹੈ। ਇਸ ਸੁਰਤੀ ਵਾਲੀਆਂ ਸੁਰਤੀਸ਼ਰ ਸਖੀਆਂ ਸਦਾ ਹੀ ਸ੍ਰੇਸ਼ਟ ਸ਼ਬਦ ਦੀ ਅਨਹਦ ਧੁਨੀ ਵਿਚਿ ਇਕ ਮਿੱਕ ਹੋ ਕੇ ਓਤਿ ਪੋਤਿ ਮਿਲੀਆਂ ਰਹਿੰਦੀਆਂ ਹਨ। ਅਜਿਹੇ ਗੁਰਮੁਖ ਸਖਾ ਸੁਹੇਲੇ ਸਜਨਾਂ ਦਾ ਵਾਹਿਗੁਰੂ ਰੂਪੀ ਨਿਜ ਘਰ ਵਿਚਿ ਵਾਸਾ ਵਸੀਜਿਆ ਹੀ ਰਹਿੰਦਾ ਹੈ। ਗੁਰੂ ਘਰ ਦਾ ਗੁਰਮੰਤ੍ਰ ਸਬਦ ਖੋਜਿਆਂ (ਕਮਾਈ ਕੀਤਿਆਂ) ਇਹ ਸੱਚੜਾ ਘਰ ਨਹੀਂ ਲਹੀ-ਲਖੀਦਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸ਼ਬਦ ਮਾਰਗੀ ਗੁਰਮੁਖਿ ਸਿਖਾਂ ਦੇ ਅਸੀਂ ਸਦਾ ਦਾਸ ਹਾਂ। ਇਸ ਪਦ ਨੂੰ ਪ੍ਰਾਪਤਿ ਹੋ ਕੇ ਸ਼ਬਦ ਨਾਹਰਾ ਹੀ, ਗੁਰਮੁਖਿ ਜਨ ਆਪਣੇ ਘਟ ਅੰਦਰਿ ਹੀ, ਸ਼ਬਦ ਗੁਰਮੰਤ੍ਰ ਦਾ ਅਨਹਦ ਅਭਿਆਸ ਖਿਨ ਖਿਨ ਸੁਣਦੇ ਰਹਿੰਦੇ ਹਨ। ਇਹ ਅਨਹਦ ਅਭਿਆਸੀ ਕਲਾ ਓਹਨਾਂ ਦੇ ਘਟ ਅੰਦਰਿ ਹੁੰਦੀ ਹੀ ਰਹਿੰਦੀ ਹੈ। ਵਾਹਿਗੁਰੂ ਪਿਆਰੇ ਰਾਜਨ ਦੀ ਇਹ ਅਕੱਥ ਕਥਾ ਸਾਰੇ ਘਟਾਂ ਅੰਦਰਿ ਹੀ ਹੁੰਦੀ ਓਹਨਾਂ ਨੂੰ ਸੁਣਾਈ ਦੇਂਦੀ ਹੈ। ਇਹ ਘਟ ਘਟੀ ਅਕੱਥ ਕਥਾ ਆਤਮ ਰੰਗਾਂ ਵਿਚਿ ਚਲਦੀ ਹੀ ਰਹਿੰਦੀ ਹੈ। ਯਥਾ ਗੁਰਵਾਕ:—

ਘਟਿ ਘਟਿ ਕਥਾ ਰਾਜਨ ਕੀ ਚਾਲੈ ਘਰਿ ਘਰਿ ਤੁਝਹਿ ਉਮਾਹਾ ॥
ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ ॥੪॥

[ਸਾਰੰਗ ਮ: ੫, ਅਸਟ: ਘਰੁ ੧, ਪੰਨਾ ੧੨੩੫

ਹੇ ਵਾਹਿਗੁਰੂ ਰਾਜਨ ! ਤੇਰੀ ਅਕੱਥ ਕਥਾ ਜੋ ਘਟਿ ਘਟਿ ਅੰਦਰਿ ਚਲ ਰਹੀ ਗੁਰਮੁਖਿ ਜਨਾਂ ਨੂੰ ਪਰਤੀਤ ਹੁੰਦੀ ਹੈ, ਉਸੇ ਕਥਾ ਦੇ ਪਰਤਾਪ ਨਾਲਿ ਘਰਿ ਘਰਿ ਵਿਖੇ ਤੇਰੀਆਂ ਬਰਕਤਾਂ, ਤੇਰਿਆਂ ਸਭ ਜੀਵਾਂ ਨੂੰ ਦਿਤੀਆਂ ਦਾਤਾਂ ਦੀ ਉਤਸ਼ਾਹ ਮਈ ਚਰਚਾ ਭੀ ਹੁੰਦੀ ਸੁਣੀ ਜਾਂਦੀ ਹੈ। ਗੁਰਬਾਣੀ ਅੰਦਰਿ ਕਥੀ ਹੋਈ ਹਰਿ ਜਸ ਰੂਪੀ ਕਥਾ ਹੋਰ ਕਿਸੇ ਬਿਧਿ ਭੀ ਕਹੀ ਕਥੀ ਨਹੀਂ ਜਾ ਸਕਦੀ, ਕੇਵਲ ਇਨ ਬਿਨ ਗੁਰਬਾਣੀ ਹਰਿ ਜਸ ਨੂੰ ਉਚਾਰਿਆਂ ਹੀ ਕਥੀ ਜਾ ਸਕਦੀ ਹੈ।

ਭਾ: ਸਾ: ਰਣਧੀਰ ਸਿੰਘ ਜੀ ਲਿਖਿਤ ਪੁਸਤਕ "ਕਥਾ ਕੀਰਤਨ" ਵਿਚੋਂ ਪੰਨਾ ੨੨੪ ਤੋਂ ੨੩੦



www.AKJ.Org

# ਸਭ ਤੇ ਵਡਾ ਸਤਿਗੁਰੁ ਨਾਨਕੁ

[ਪ੍ਰੋ: ਗੁਰਮੁਖ ਸਿੰਘ ਜੀ, ਗੌਰਮੈਂਟ ਕਾਲਜ, ਸੰਗਰੂਰ]

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਰਸ਼ ਵਿਚ 'ਗੁਰੂ' ਸ਼ਬਦ ਆਮ ਪ੍ਰਚਲਤ ਸੀ। ਗੁਰੂ ਦੇ ਅਰਥ ਪ੍ਰਕਾਸ਼ ਕਰਨ ਵਾਲਾ ਲਏ ਜਾਂਦੇ ਸਨ। ਸੰਸਕ੍ਰਿਤ ਦੇ ਧਾਤੂ 'ਗੁ' ਅਤੇ 'ਰੂ', ਹਨੇਰਾ ਤੋਂ ਉਜਾਲਾ ਦੇ ਅਰਥਾਂ ਵਿਚ ਲਿਆ ਜਾਂਦਾ ਰਿਹਾ ਹੈ। ਇਹ ਸ਼ਬਦ ਬੜੇ ਵਿਆਪਕ ਰੂਪ ਵਿਚ ਲਿਆ ਗਿਆ ਹੈ। ਹਰ ਵਿਸ਼ੇ ਦਾ ਗੁਰੂ ਮੰਨਿਆ ਜਾਂਦਾ ਸੀ—ਕੋਈ ਗਣਿਤ ਦਾ, ਕੋਈ ਸੰਸਕ੍ਰਿਤ ਦਾ, ਕੋਈ ਚਕਿਤਸਾ ਦਾ, ਕੋਈ ਫੌਜੀ ਸਿਖਲਾਈ ਦਾ, ਕੋਈ ਵੇਦ ਸ਼ਾਸਤਰਾਂ ਦਾ। ਮੁਕਦੀ ਗੱਲ, ਸੰਸਾਰਕ ਗਿਆਨ ਦੇ ਹਰ ਵਿਸ਼ੇ ਲਈ 'ਗੁਰੂ' ਸ਼ਬਦ ਬੜਾ ਢੁਕਵਾਂ ਅਤੇ ਆਮ ਵਰਤਿਆ ਜਾਂਦਾ ਸੀ।

ਪਰ ਪਹਿਲੀ ਵਾਰ, ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਗੁਰੂ' ਨਾਲ 'ਸਤਿ' ਦਾ ਵਿਸ਼ੇਸ਼ਣ ਜੋੜਿਆ ਤੇ ਪੰਜਾਬੀ ਬੋਲੀ ਵਿਚ ਇਕ ਨਵਾਂ ਸਮਾਸ ਬਣਾਇਆ—'ਸਤਿਗੁਰੂ'। ਜਿਸ ਦਾ ਭਾਵ ਹੈ ਅਜਿਹਾ ਗੁਰੂ-ਵਿਅਕਤੀ, ਜੋ ਸਤਿ ਦਾ ਗਿਆਨ ਦ੍ਰਿੜਾਵੇ :—

ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ ॥
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥੨॥

(ਸਲੋਕ ਮਹਲਾ ੪, ਪੰਨਾ ੧੪੨੧)

ਅਤੇ ਸਮੁਚੀ ਗੁਰਬਾਣੀ ਵਿਚ 'ਸਤਿਗੁਰ' ਅਤੇ 'ਗੁਰ' ਸ਼ਬਦਾਂ ਨੂੰ ਕੇਵਲ ਇਸੇ ਅਰਥ ਵਿਚ ਹੀ ਲਿਆ ਗਿਆ ਹੈ ਕਿ ਗੁਰੂ ਉਹ ਵਿਅਕਤੀ ਹੈ ਜਿਸ ਨੇ ਆਪ ਨਿਰੰਕਾਰ ਦੇ ਦਰਸ਼ਨ ਕੀਤੇ ਹੁੰਦੇ ਹਨ, ਉਹ ਆਪ ਸਤਿ ਨਾਲ ਅਭੇਦ ਹੋ ਕੇ ਸਤਿ ਸਰੂਪ ਹੋਇਆ ਹੁੰਦਾ ਹੈ, ਅਤੇ ਇਉਂ ਉਹ ਹੋਰਨਾਂ ਨੂੰ, ਜੋ ਜੋ ਉਸਦੇ ਸੰਪਰਕ ਵਿਚ ਆਉਂਦੇ ਹਨ, ਸਤਿ ਸਰੂਪ ਦੇ ਦਰਸ਼ਨ ਕਰਵਾਉਣ ਦੇ ਸਮਰਥ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਂਉਦੇ ਹਨ:—

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਣ ਗਾਉ ॥੧॥੧੮॥

(ਗਉੜੀ ਸੁਖਮਨੀ ਮ: ੫, ਪੰਨਾ ੨੮੬)

ਸਪਸ਼ਟ ਹੈ ਕਿ ਸਤਿਗੁਰੂ ਸਾਹਿਬਾਨ ਨੇ ਭਾਰਤੀ ਧਰਮ-ਚਿੰਤਕਾਂ ਦੇ 'ਗੁਰੂ' ਸ਼ਬਦ ਤੋਂ 'ਸਤਿਗੁਰੂ' ਸ਼ਬਦ ਇਕ ਨਵਾਂ ਸਮਾਸੀ ਸ਼ਬਦ ਵਰਤ ਕੇ ਉਸਦੀ ਪ੍ਰੀਭਾਸ਼ਾ ਨੂੰ ਭੀ ਨਵਾਂ ਮੋੜ ਦਿੱਤਾ। ਮੁਢ ਤੋਂ ਹੀ ਗੁਰੂ ਤਾਂ ਬਹੁਤੇਰੇ ਸਨ, ਪਰ ਅੱਜ ਤਕ 'ਸਤਿਗੁਰੂ' ਨਹੀਂ ਸੀ ਪਰਗਟਿਆ। ਭਾਈ ਗੁਰਦਾਸ ਜੀ ਠੀਕ ਹੀ ਫੁਰਮਾਂਉਦੇ ਹਨ—

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ, ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥

[ਭਾਈ ਗੁਰਦਾਸ ਜੀ, ਵਾਰ ੧-੨੭]

ਭਾਵ, ਸਤਿਗੁਰ ਨਾਨਕ ਦੇਵ ਜੀ ਜਦੋਂ ਪਰਗਟ ਹੋਏ ਤਾਂ ਅਗਿਆਨਤਾ ਦੀ ਧੁੰਧ ਮਿਟ ਗਈ, ਅਕਾਲ ਪੁਰਖ ਬਾਰੇ ਪਏ ਭੁਲੇਖੇ ਤੇ ਭਰਮ ਖ਼ਤਮ ਹੋ ਗਏ, ਮਾਨੋ ਜਗਤ ਵਿਚ ਜੋ ਅੰਧੇਰਾ ਪਿਆ ਹੋਇਆ ਸੀ, ਉਹ ਖ਼ਤਮ ਹੋ ਗਿਆ। ਛੋਟੇ ਛੋਟੇ ਚਾਨਣੇ, ਟਿਮਟਮਾਂਦੇ ਤਾਰੇ ਵਤ ਗੁਰੂ, ਅਨਗਿਣਤ ਸਨ, ਪਰ ਸਤਿਗੁਰ-ਸੂਰਜ ਦੇ ਨਿਕਲਣ ਨਾਲ ਤਾਰਿਆਂ ਦੀ ਲੋਅ ਅਦਿਖ ਹੋ ਗਈ। ਉਹ ਤਾਰੇ ਅੰਧੇਰੇ ਵਿਚ ਲੋਅ ਤਾਂ ਜ਼ਰੂਰ ਦਿੰਦੇ ਹਨ, ਪਰ ਅੰਧੇਰਾ ਖਤਮ ਨਹੀਂ ਕਰ ਸਕਦੇ। ਸੂਰਜ ਦੀ ਵਿਸ਼ਾਲ ਰੌਸ਼ਨੀ ਅਗੇ ਅੰਧੇਰਾ ਟਿਕ ਹੀ ਨਹੀਂ ਸਕਦਾ। ਸਭ ਸੰਸਾਰ ਜਗਮਗਾ ਉਠਦਾ ਹੈ। ਸਾਰੇ ਭਰਮ-ਭੁਲੇਖੇ ਆਪਣੇ ਆਪ ਖ਼ਤਮ ਹੋ ਜਾਂਦੇ ਹਨ।

ਸਨਾਤਨ ਧਰਮ ਦੇ ਪ੍ਰਚਾਰਕਾਂ ਨੇ, ਨਿਰਮਲੇ ਅਤੇ ਉਦਾਸੀਆਂ ਦੇ ਭੇਖ ਵਿਚ, ਸਿਖ ਸੰਗਤਾਂ ਨੂੰ ਸਤਿਗੁਰੂ



www.AKJ.Org

ਜੀ ਦੇ ਮਿਸ਼ਨ ਦੀ ਵਿਲੱਖਣਤਾ ਤੋਂ ਅੱਜ ਤਕ ਗੁਮਰਾਹ ਹੀ ਕਰੀ ਰਖਿਆ ਹੈ। ਨਤੀਜਾ ਇਹ ਹੋਇਆ ਕਿ ਅੱਜ ਸਾਡੇ ਬੁਧੀ-ਜੀਵੀ ਤੇ ਪੜ੍ਹੇ ਲਿਖੇ ਨੌਜਵਾਨਾਂ ਨੂੰ 'ਸਭ ਤੇ ਵੱਡਾ ਸਤਿਗੁਰੁ ਨਾਨਕੁ' ਕਹਿਣ ਜਾਂ ਮੰਨਣ ਵਿਚ ਸ਼ੰਕਾ ਤੇ ਸੰਕੋਚ ਮਹਿਸੂਸ ਹੁੰਦਾ ਹੈ।

ਗੁਰਬਾਣੀ ਅੰਦਰ 'ਸਤਿਗੁਰ' ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਲਈ ਸੰਕੇਤਕ ਬਿੰਬ ਵਜੋਂ ਪਰਵਰਤੀ ਗੁਰੂ ਸਾਹਿਬਾਨ ਨੇ ਵਰਤਿਆ ਜਾਪਦਾ ਹੈ। 'ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ' ਵਾਲੀ ਪੰਗਤੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਬੜੇ ਸਪਸ਼ਟ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵਲ ਹੀ ਸੰਕੇਤ ਕਰਦੇ ਹਨ। ਫਿਰ ਹੋਰ ਫ਼ੁਰਮਾਂਦੇ ਹਨ—

ਜਨੁ ਨਾਨਕੁ ਭਗਤੁ, ਦਰਿ ਤੁਲਿ ਬ੍ਰਹਮ ਸਮਸਰਿ, ਏਕ ਜੀਹ ਕਿਆ ਬਖਾਨੈ ॥
ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰ ॥੧॥

[ਸਵਯੇ ਸ੍ਰੀ ਮੁਖਵਾਕ ਮ: ੫ ਪੰਨਾ ੧੩੮੫]

ਭਾਵ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਨ ਭਗਤ ਹਨ, ਜੋ ਵਾਹਿਗੁਰੂ ਜੀ ਦੀ ਦਰਗਾਹ ਵਿਖੇ ਆਪ ਹੀ ਨਿਰੰਕਾਰ ਤੁਲ ਹਨ। ਇਕ ਜੀਭ ਨਾਲ ਉਹਨਾਂ ਦੇ ਕਿਹੜੇ ਕਿਹੜੇ ਗੁਣਾਂ ਦਾ ਵਰਨਣ ਕੀਤਾ ਜਾਵੇ। ਮੈਂ ਉਹਨਾਂ ਤੋਂ ਸਦਾ ਸਦਾ ਬਲਿਹਾਰ ਬਲਿਹਾਰ ਜਾਂਦਾ ਹਾਂ। ਇਵੇਂ ਹੀ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ :—

ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥
ਧੰਨੁ ਧੰਨੁ ਗੁਰੂ, ਗੁਰੁ ਸਤਿਗੁਰੁ ਪਾਧਾ, ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥ਰਹਾਉ॥

(ਗਉੜੀ ਬੈਰਾਗਣ ਮ: ੪—੧੬੮)

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਵੇਂ ਆਪਣੀ ਬਾਣੀ ਵਿਚ 'ਸਤਿਗੁਰ' ਸ਼ਬਦ ਦੀ ਵਰਤੋਂ ਤਾਂ ਨਹੀਂ ਕੀਤੀ ਪਰ ਆਸਾ ਕੀ ਵਾਰ ਵਿਚ ਆਪ ਦੇ ਹੇਠਲੇ ਸਲੋਕ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਸੰਕੇਤ ਬੜੇ ਸਪਸ਼ਟ ਹਨ :

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥੧॥

(ਮ: ੨, ਵਾਰ ਆਸਾ, ਪੰਨਾ ੪੬੩)

ਸੌ ਚੰਦਰਮਾਂ ਤੇ ਇਕ ਹਜ਼ਾਰ ਸੂਰਜਾਂ ਦੇ ਪ੍ਰਕਾਸ਼ ਦੇ ਹੁੰਦਿਆਂ, ਗੁਰੂ ਤੋਂ ਬਿਨਾਂ, ਭਾਵ ਸਤਿਗੁਰੂ ਨਾਨਕ ਸਾਹਿਬ ਤੋਂ ਦੀਖਿਅਤ ਹੋਏ ਬਿਨਾਂ, ਜਗਿਆਸੂ ਲਈ ਅੰਧੇਰਾ ਹੀ ਬਣਿਆ ਰਹੇਗਾ।

ਭਾਈ ਗੁਰਦਾਸ ਜੀ ਇਸ ਗੁਝੇ ਭੇਦ ਨੂੰ ਇਉਂ ਖੋਲ੍ਹਦੇ ਹਨ :—

ਸਤਿਗੁਰ ਨਾਨਕ ਦੇਉ ਆਪੁ ਉਪਾਇਆ ॥
ਗੁਰ ਅੰਗਦੁ ਗੁਰਸਿਖੁ, ਬਾਬਾਣੇ ਆਇਆ ॥
ਗੁਰਸਿਖੁ ਹੈ ਗੁਰ ਅਮਰੁ, ਸਤਿਗੁਰ ਭਾਇਆ ॥
ਰਾਮਦਾਸੁ ਗੁਰਸਿਖੁ, ਗੁਰ ਸਦਵਾਇਆ ॥
ਗੁਰ ਅਰਜਨੁ ਗੁਰਸਿਖੁ, ਪਰਗਟੀ ਆਇਆ ॥
ਗੁਰਸਿਖੁ ਹਰਿਗੋਵਿੰਦੁ ਨ ਲੁਕੈ ਲੁਕਾਇਆ ॥ (ਵਾਰ ੨੦, ਪਉੜੀ ੧)

ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਿਰੰਕਾਰ ਨੇ ਆਪ ਬਣਾਇਆ, ਆਪ ਹੀ ਮਿਸ਼ਨ ਦੀ ਸੰਪਣਾ ਕੀਤੀ। ਫਿਰ ਸਤਿਗੁਰ ਨਾਨਕ ਦੇਵ ਜੀ ਨੇ ਅਗੋਂ ਆਪਣੇ ਸਿਖ ਲਹਿਣਾ ਜੀ ਨੂੰ ਸਤਿਗੁਰ ਥਾਪਿਆ। ਸਤਿਗੁਰ ਅੰਗਦ ਦੇਵ ਜੀ ਤੋਂ ਬਾਅਦ, ਆਪ ਦੇ ਸਿਖ, ਸ੍ਰੀ ਅਮਰ ਦਾਸ ਜੀ ਸਤਿਗੁਰੂ ਬਣਾਏ ਗਏ। ਸਤਿਗੁਰੂ ਅਮਰਦਾਸ ਜੀ ਨੇ ਸ੍ਰੀ ਰਾਮਦਾਸ ਨੂੰ ਸਤਿਗੁਰੂ ਥਾਪਿਆ। ਫਿਰ ਸਤਿਗੁਰੂ ਅਰਜਨ ਦੇਵ ਜੀ ਤੋਂ ਸ੍ਰੀ ਹਰਿਗੋਬਿੰਦ ਸਾਹਿਬ ਸਤਿਗੁਰ ਪਰਗਟ



www.AKJ.Org

ਹੋਏ । ਫ਼ਰਕ ਕੇਵਲ ਇਤਨਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਜੀ ਨੇ ਸਤਿਗੁਰ ਥਾਪਿਆ ਤੇ ਸਤਿਗੁਰੂ ਨਾਨਕ ਦੇਵ ਜੀ ਨੇ ਅਗੋਂ ਗੁਰਿਆਈ-ਗੱਦੀ ਆਪਣੇ ਸਿਖਾਂ ਨੂੰ ਧਰਮ ਪ੍ਰਚਾਰ ਲਈ ਦਿਤੀ । ਜ਼ਰਾ ਹੋਰ ਡੂੰਘੀ ਵਿਚਾਰ ਕਰੀਏ ਤਾਂ, ਜੋ ਸਿਖ ਤੋਂ ਸਤਿਗੁਰ ਬਣੇ, ਉਹ ਸਤਿਗੁਰੂ ਨਾਨਕ ਦੇਵ ਦਾ ਹੀ ਸਰੂਪ ਬਣ ਗਏ । ਉਹ ਆਪ ਗੁਰੂ ਨਾਨਕ ਬਣ ਗਏ । ਦਸੇ ਗੁਰੂ ਸਾਹਿਬਾਨ ਤੇ ਹੁਣ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਤਿਗੁਰੂ ਨਾਨਕ ਹੀ ਹਨ । ਸਤਿਗੁਰ ਇਕੋ ਹੈ, ਦਸ ਨਹੀਂ, ਗਿਆਰਾਂ ਨਹੀਂ । ਇਉਂ ਸਤਿਗੁਰ ਨਾਨਕ ਸਭ ਸੰਸਾਰ ਦੇ ਗੁਰੂਆਂ ਪੈਗੰਬਰਾਂ ਤੋਂ ਵੱਡਾ ਹੈ, ਸ਼੍ਰੋਮਣੀ ਹੈ, ਅਤੇ ਇਹੋ ਟਿਪਣੀ ਸ੍ਰੀ ਗੁਰੂ ਅਰਜਨ ਦੇਵ ਜੀ ਭੀ ਦੇ ਰਹੇ ਹਨ :—

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥

(ਸੂਹੀ ਮ: ੫, ਪੰਨਾ ੭੪੯-੫੦)

ਉਪਰੋਕਤ ਤੁਕਾਂ ਇਸ ਸ਼ਬਦ ਦੀਆਂ ਅੰਤਲੀਆਂ ਤੁਕਾਂ ਹਨ । ਸ਼ਬਦ ਅਕਾਲ ਪੁਰਖ ਨੂੰ ਸੰਬੋਧਨ ਹੈ ਕਿ ਜਿਸ ਦੇ ਸਿਰ ਉਤੇ ਤੂੰ ਰਖਵਾਲਾ ਹੁੰਦਾ ਹੈਂ, ਉਹ ਦੁਖ ਕਿਵੇਂ ਪਾ ਸਕਦਾ ਹੈ । ਮਾਇਆਧਾਰੀ ਨੂੰ ਆਪਣੇ ਹੰਕਾਰ ਕਰਕੇ ਨਾ ਤਾਂ ਠੀਕ ਬੋਲਣਾ ਆਉਂਦਾ ਤੇ ਨਾ ਹੀ ਮਰਨ ਚੇਤੇ ਹੁੰਦਾ ਹੈ । ਹੇ ਪ੍ਰਭੂ, ਤੂੰ ਸੰਤਾਂ ਦਾ ਹੈਂ ਅਤੇ ਸੰਤ ਤੇਰੇ ਹਨ, ਇਸ ਲਈ ਉਹਨਾਂ ਨੂੰ ਸੰਸਾਰ ਵਿਚ ਕਿਸੇ ਤੋਂ ਭੈ ਨਹੀਂ ਆਉਂਦਾ । ਤੇਰੇ ਸੰਤਾਂ ਨੇ ਸਾਨੂੰ ਦਿਲਾਸਾ ਦਿਤਾ ਹੈ ਕਿ ਜੋ ਤੇਰੇ ਰੰਗ ਵਿਚ ਰੰਗੇ ਜਾਂਦੇ ਹਨ ਉਹਨਾਂ ਉਪਰ ਤੇਰੀ ਬਖਸ਼ਸ਼ ਹੁੰਦੀ ਹੈ ਤੇ ਉਹਨਾਂ ਦਾ ਜਨਮ ਮਰਨ ਸਦਾ ਲਈ ਕਟਿਆ ਜਾਂਦਾ ਹੈ । ਉਹ ਸਦਾ ਨਾਮ ਹੀ ਜਪਦੇ ਹਨ ਤੇ ਪੰਜੇ ਦੂਤ ਉਹਨਾਂ ਦੇ ਵਸ ਵਿਚ ਹੋ ਜਾਂਦੇ ਹਨ । ਮੈਨੂੰ ਕਿਸੇ ਗਿਆਨ ਧਿਆਨ ਦੀਆਂ ਵਿਧੀਆਂ ਦੀ ਕੋਈ ਸੋਝੀ ਨਹੀਂ ਸੀ, ਪਰ ਬਲਿਹਾਰ ਜਾਂਦਾ ਹਾਂ ਸਤਿਗੁਰ ਨਾਨਕ ਜੀ ਤੋਂ, ਜੋ ਸਭ ਤੋਂ ਮਹਾਨ ਹਨ ਅਤੇ ਜਿਨ੍ਹਾਂ ਨੇ ਮੇਰੀ ਲਾਜ ਰਖ ਲਈ ।

ਵਿਦਵਾਨਾਂ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਸਤਿਗੁਰਾਂ ਦੇ ਉਤਮ ਬਚਨਾਂ ਨੂੰ ਸਮੂਹ ਸੰਸਾਰ ਦੀ ਪੱਧਰ ਤੇ ਧਰਖ-ਪੜਚੋਲ ਕੇ ਪੇਸ਼ ਕੀਤਾ ਜਾਏ । ਪਰ ਕਈ ਵਿਦਵਾਨ ਸਤਿਗੁਰਾਂ ਦੇ ਬਚਨਾਂ ਦੀ ਸਮੀਖਿਆ ਕਰਦੇ ਹੋਏ ਕਦੇ ਕਦੇ ਰਾਮ ਰਾਇ ਵਾਂਗ ਕਾਂਪ ਖਾ ਜਾਂਦੇ ਹਨ । ਤੇ ਸਤਿਗੁਰਾਂ ਦੇ ਇਸ ਸਰਾਪ ਦੇ ਭਾਗੀ ਬਣਦੇ ਹਨ—

ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ, ਓਨਿ ਲਾਹਾ ਮੂਲੁ ਸਭੁ ਗਵਾਇਆ ॥......
ਗੁਰਸਿਖਾਂ ਵਡਿਆਈ ਭਾਵੈ ਗੁਰ ਪੂਰੇ ਕੀ, ਮਨਮੁਖਾ ਓਹ ਵੇਲਾ ਹਥਿ ਨ ਆਇਆ ॥੨॥

[ਗਉੜੀ ਕੀ ਵਾਰ, ਮ: ੪, ਪੰਨਾ ੩੦੪]

ਸਾਡੇ ਵਿਦਵਾਨ ਜਤਨ ਕਰਦੇ ਹਨ ਕਿ ਇਹ ਕਿਵੇਂ ਸਿਧ ਕੀਤਾ ਜਾਵੇ ਕਿ ਵਾਕਈ ਸਤਿਗੁਰੂ ਨਾਨਕ ਸਾਹਿਬ ਸਭ ਤੋਂ ਵੱਡਾ ਹੈ । ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸ਼ਬਦਾਵਲੀ ਵਿਚ ਅਸੀਂ ਅਜਿਹੀ ਖੋਜ-ਧਰਖ ਲਈ ਕੁਝ ਸਤਰਾਂ ਦੁਬਾਰਾ ਦੁਹਰਾਉਂਦੇ ਹਾਂ :—

"ਸੰਸਾਰ ਵਿਚ ਜੋ ਜੋ ਔਲੀਆ, ਅੰਬੀਆ, ਗੌਂਸ, ਪੈਗੰਬਰ, ਅਵਤਾਰ ਹੋਏ, ਉਨ੍ਹਾਂ ਦੇ ਮੁਰਾਤਬੇ ਦੀ ਵਡਿਆਈ ਉਨ੍ਹਾਂ ਦੇ ਸੰਸਾਰ ਪ੍ਰਤੀ ਵਰੋਸਾਇ ਦਾਤਿ-ਜੋਤੀ-ਕਰਤੱਵ ਤੋਂ ਹੀ ਪੇਖੀ ਪਰਖੀ ਜਾਂਦੀ ਹੈ । ਸੰਸਾਰੀਆਂ ਲਈ ਸਭ ਤੋਂ ਵੱਡੀ ਦਾਤਿ ਉਹ ਹੈ ਜੋ ਸੰਸਾਰੀਆਂ ਨੂੰ ਸੰਸਾਰ ਤੋਂ ਉਚਾ ਕਰ ਦਿਖਲਾਏ, ਜੋ ਸੰਸਾਰੀਆਂ ਨੂੰ ਸੰਸਾਰਤ ਭਾਵ ਤੋਂ ਉਚੇਰੇ ਆਤਮ ਮੰਡਲ ਵਿਖੇ ਉਡਾਰੀਆਂ ਦੇਣ ਲਈ ਸ਼ਕਤਿ-ਪੰਖ ਪ੍ਰਦਾਨ ਕਰੇ, ਜੋ ਆਤਮ ਪ੍ਰਮਾਤਮ ਦੇ ਸੰਗਮ ਝਲਕਾਰੇ ਦਿਖਲਾਉਣ ਲਈ ਪਾਰਸ-ਕਲਾ ਵਾਲੇ ਵਰਤਾਰੇ ਪਰਤੱਖ ਵਰਤਾਉਣ ਨੂੰ ਸਮਰੱਥ ਹੋਵੇ ।"

ਉਹ ਅਜਿਹੀ ਕਿਹੜੀ ਵੱਡੀ ਦਾਤਿ ਸੀ ਜਿਸ ਦੀ ਥੁੜ ਤੋਂ ਇਹ ਜੁਗਾਂ ਜੁਗਾਂਤਰਾਂ ਤੋਂ ਚਲਿਆ ਆ ਰਿਹਾ ਸੰਸਾਰ ਅਜੇ ਵਾਂਞਾ ਸੀ ਅਤੇ ਰੋਗ-ਗ੍ਰਸਤ ਹੋ ਕੇ ਕੁਰਲਾ ਰਿਹਾ ਸੀ । ਇਸ ਪ੍ਰਥਾਇ ਸਤਿਗੁਰਾਂ ਨੇ ਬਲੰਦ ਅਵਾਜ਼



www.AKJ.Org

ਹੋਕਾ ਦਿਤਾ–

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ (ਧਨਾਸਰੀ ਮ: ੧ ਛੰਤ, ੬੮੭)

ਕੋਈ ਪੂਰਾ ਵੈਦ ਹੀ ਸੰਸਾਰ ਦੇ ਅਜਿਹੇ ਰੋਗ ਦੀ ਪਛਾਣ ਕਰ ਸਕਦਾ ਸੀ ਅਤੇ ਅਜਿਹਾ ਵੈਦ ਹੀ ਪੂਰਾ ਵੈਦ ਹੋ ਸਕਦਾ ਸੀ, ਜੋ–

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥੨॥੨੨॥ (ਵਾਰ ਮਾਝ, ਮ: ੨, ਪੰਨਾ ੧੪੮

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਪੂਰੇ ਵੈਦ ਹੋ ਕੇ ਅਵਤਰੇ ਅਤੇ ਨਾਮ-ਦਾਰੂ ਦੀ ਸੰਜੀਵਨੀ ਬੂਟੀ ਵਰਤਾ ਕੇ ਰੋਗੀ ਸੰਸਾਰ ਨੂੰ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ" ਵਾਲਾ ਪਰਉਪਕਾਰ ਆਪ ਨੇ ਕੀਤਾ, ਜੋ ਅਜ ਤਕ ਪਹਿਲੇ ਹੋ ਬੀਤੇ ਕਿਸੇ ਔਲੀਏ ਅੰਬੀਏ, ਅਵਤਾਰ, ਰਿਖੀ ਮੁਨੀ, ਨਾਥ ਜੋਗੀ ਤੋਂ ਨਹੀਂ ਸੀ ਹੋ ਸਕਿਆ। ਅਜਿਹੀ ਦਾਤਿ-ਜੋਤਿ ਦੀ ਵਡਿਆਈ ਕਰਕੇ ਹੀ ਸਤਿਗੁਰੂ ਨਾਨਕ ਸਭ ਤੋਂ ਵਡਾ ਹੈ। ਤਾਂ ਹੀ ਤੇ ਭਾਈ ਗੁਰਦਾਸ ਜੀ ਨੇ ਆਪ ਦੀ ਵਡਿਆਈ ਵਿਚ ਇਉਂ ਬਿਆਨ ਕੀਤਾ ਹੈ–

ਵਡਾ ਪੁਰਖੁ ਪਰਗਟਿਆ ਕਲਿਜੁਗ ਅੰਦਰਿ ਜੋਤਿ ਜਗਾਈ ॥ (ਵਾਰ ੧, ਪਉੜੀ ੪੪)

ਗੁਰੂ ਨਾਨਕ ਸਾਹਿਬ ਇਸ ਲਈ ਵੀ ਵੱਡੇ ਹਨ ਕਿਉਂਕਿ ਉਹਨਾਂ ਨੂੰ ਸ੍ਰੀ ਅਕਾਲ ਪੁਰਖ ਜੀ ਨੇ ਆਪ ਧੁਰ ਦਰਗਾਹ ਤੋਂ ਸਰਬ-ਕਲਾ ਸਮਰੱਥ ਸਤਿਗੁਰੂ ਥਾਪ ਕੇ ਅਜਿਹੇ ਮਿਸ਼ਨ ਦੀ ਪੂਰਤੀ ਲਈ ਸੰਸਾਰ ਵਿਚ ਭੇਜਿਆ, ਜਿਸ ਨੂੰ ਗ੍ਰਹਿਣ ਕਰ ਕੇ ਹਰ ਮਨੁਖ ਮਾਤਰ ਦਾ ਉਧਾਰ ਹੁੰਦਾ ਰਹੇਗਾ।

ਜਨੁ ਨਾਨਕੁ ਹਰਿ ਕਰਤੈ ਅਪਿ ਬਹਿ ਟਿਕਿਆ, ਆਪੇ ਪੈਜ ਰਖੈ ਪ੍ਰਭ ਸੋਈ ॥੩॥੫੫॥
(ਗਉੜੀ ਕੀ ਵਾਰ, ਪੰਨਾ ੩੦੯)

ਜਿਨ ਕਉ ਆਪਿ ਦੇਇ ਵਡਿਆਈ, ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਇ ॥
ਡਰੀਐ ਤਾਂ ਜੇ ਕਿਛੁ ਆਪਦੂ ਕੀਚੈ, ਸਭੁ ਕਰਤਾ ਆਪਣੀ ਕਲਾ ਵਧਾਏ ॥
ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ
ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ ॥ .....
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ,
ਹਰਿ ਕਰਤਾ ਆਪਿ ਮੁਹਹੁ ਕਢਾਏ......॥ ॥੧੪॥ [ਗਉੜੀ ਕੀ ਵਾਰ, ਮ: ੪, ਪੰਨਾ ੩੦੮]

ਭਾਵ, ਜਿਸ ਵਿਅਕਤੀ ਨੂੰ ਆਪ ਅਕਾਲ ਪੁਰਖ ਹੀ ਵਡਿਆਈ ਬਖ਼ਸ਼ੇ, ਉਸਨੂੰ ਸਾਰਾ ਸੰਸਾਰ ਨਮਸਕਾਰ ਕਰਦਾ ਹੈ। ਇਸ ਵਡਿਆਈ ਤੋਂ ਉਹ (ਸਤਿਗੁਰੂ) ਤਾਂ ਡਰੇ ਜੇਕਰ ਉਹ ਆਪ ਵਡਿਆਈ ਲਈ ਜਤਨ ਕਰਦਾ ਹੋਵੇ; ਇਹ ਤਾਂ ਅਕਾਲ ਪੁਰਖ ਆਪਣੀ ਸ਼ਕਤੀ ਰਾਹੀਂ ਆਪਣੇ ਥਾਪੇ ਸਤਿਗੁਰੂ ਦੀ ਵਡਿਆਈ ਵਿਚ ਵਾਧਾ ਕਰ ਰਿਹਾ ਹੈ। ਇਹ ਸੰਸਾਰ ਉਸ ਪ੍ਰੀਤਮ ਸੱਚੇ ਦਾ ਅਖਾੜਾ ਹੈ, ਤੇ ਜਿਸ ਨੂੰ ਭੀ ਉਹ ਇਕ ਵਾਰ ਟਿਕ ਦੇਵੇ, ਫਿਰ ਬਾਕੀਆਂ ਨੂੰ ਉਹ ਆਪਣੇ ਜ਼ੋਰ ਨਾਲ ਸਤਿਗੁਰਾਂ ਦੀ ਚਰਨੀ ਲਾਉਂਦਾ ਹੈ। ਇਸ ਲਈ ਸਤਿਗੁਰ ਦੇ ਬਚਨਾਂ ਨੂੰ ਐਵੇਂ ਨਾ ਸਮਝਣਾ, ਗੁਰਸਿਖੋ, ਕਿਉਂਕਿ ਅਕਾਲ ਪੁਰਖ ਆਪਣੀ ਕਲਾ ਨਾਲ ਇਹ ਧੁਰ ਦੀ ਬਾਣੀ ਸਤਿਗੁਰ ਜੀ ਦੇ ਮੁਖਾਰਬਿੰਦ ਤੋਂ ਆਪ ਅਖਵਾ ਰਿਹਾ ਹੈ।

ਤੁਲਨਾ ਤੋਂ ਸੰਕੋਚ ਕਰਦਿਆਂ ਭੀ ਇਹ ਗੱਲ ਤਾਂ ਸਪਸ਼ਟ ਹੈ ਕਿ ਅਕਾਲ ਪੁਰਖ ਦੇ ਧੁਰ ਤੋਂ, ਜੋ ਬਾਣੀ ਦੀ ਬਖ਼ਸ਼ਸ਼ ਹੋਈ ਹੈ, ਉਹ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ ਹੈ। ਮੁਹੰਮਦ ਸਾਹਿਬ, ਹਜ਼ਰਤ ਈਸਾ ਜਾਂ ਮੂਸਾ ਜੀ ਨੇ ਕੋਈ ਬਾਣੀ ਨਹੀਂ ਰਚੀ। ਵੇਦ ਸ਼ਾਸਤਰਾਂ ਦੇ ਕਰਤੇ ਬਾਰੇ ਕੋਈ ਪਤਾ ਹੀ ਨਹੀਂ ਲਗਦਾ। ਇਸ ਲਈ ਸਾਹਿਬ ਗੁਰੂ ਨਾਨਕ ਦੇਵ ਜੀ ਹੀ ਵਰਤਮਾਨ ਸਮੇਂ ਅੰਦਰ ਸਭ ਤੋਂ ਵੱਡੇ ਹਨ। ਉਹਨਾਂ ਨੂੰ ਹਿੰਦੂ ਅਤੇ ਮੁਸਲਮਾਨ ਸਮਕਾਲੀ ਪੀਰਾਂ, ਫ਼ਕੀਰਾਂ, ਜੋਗੀਆਂ, ਨਾਥਾਂ, ਸਿਧਾਂ, ਪੰਡਤਾਂ ਸਭ ਨੇ ਨਮਸਕਾਰ ਕੀਤੀ। ਉਹ


www.AKJ.Org

ਸਭ ਨੂੰ ਰੱਬ ਦੇ ਮਾਰਗ ਤੇ ਚਲਣ ਦਾ ਉਪਦੇਸ਼ ਦਿੰਦੇ ਹਨ। ਉਹਨਾਂ ਦੀ ਬਾਣੀ ਸਾਰੇ ਸੰਸਾਰ ਲਈ ਹੈ—

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥੪॥੫੦॥ (ਪੰਨਾ ੭੪੭)

ਸਾਮੀ ਧਰਮ, ਈਸਾਈ, ਮੂਸਾਈ ਜਾਂ ਇਸਲਾਮ ਦਾ ਮਨੁਖ ਲਈ ਉਲੀਕਿਆ ਅੰਤਮ ਪੜਾਅ ਕੇਵਲ ਕਿਆਮਤ ਦੇ ਦਿਨ ਉਤੇ ਰੱਬੀ ਫ਼ੈਸਲੇ ਦੀ ਉਡੀਕ ਕਰਨਾ ਹੈ। ਉਸ ਫ਼ੈਸਲੇ ਤੋਂ ਬਾਅਦ ਹਰ ਮਨੁਖ ਨੂੰ ਨਰਕ ਜਾ ਸੁਰਗ ਉਸਦੇ ਅਮਲਾਂ ਅਨੁਸਾਰ ਭੋਗਣਾ ਪਵੇਗਾ। ਇਸੇ ਤਰ੍ਹਾਂ ਭਾਰਤੀ ਧਰਮਾਂ ਵਿਚ ਕਰਮ ਦਾ ਚੱਕਰ ਬੜਾ ਹੀ ਪ੍ਰਬਲ ਮੰਨਿਆ ਗਿਆ ਹੈ। ਮਾਇਆ ਦਾ ਜਾਲ ਇਤਨਾ ਵੱਡਾ ਹੈ ਕਿ ਇਸ ਵਿਚੋਂ ਪੁਰਖ ਦਾ ਮੁਕਤ ਹੋਣਾ ਇਕ ਵੱਡੀ ਸਮੱਸਿਆ ਦਿਖਾਈ ਗਈ ਹੈ। ਅੰਤਮ ਪੜਾਅ ਕੇਵਲ ਇਸ ਕਰਮ-ਚੱਕਰ ਤੋਂ ਮੁਕਤ ਹੋਣਾ ਹੈ। ਮੁਕਤ ਹੋ ਕੇ ਮਨੁਖ ਦਾ ਕੀ ਸਰੂਪ ਹੋਵੇਗਾ, ਇਸ ਬਾਰੇ ਕੋਈ ਬਹੁਤੇ ਵਿਸਥਾਰ ਦੀ ਗੱਲ ਨਹੀਂ ਆਖੀ ਗਈ।

ਪਰ ਸ੍ਰੀ ਗੁਰੂ ਨਾਨਕ ਦੇਵ ਜੀ ਧੰਨ ਹਨ ਜਿਨ੍ਹਾਂ ਨੇ ਮਨੁਖ ਦੇ ਧੁੰਧਲੇ ਅੰਤਮ ਪੜਾਅ ਨੂੰ ਉਜਲਾ ਬਣਾਇਆ ਅਤੇ ਮਨੁਖ ਨੂੰ ਕਿਆਮਤ ਦੇ ਰੱਬੀ ਫ਼ੈਸਲੇ ਦੀ ਲੰਬੀ ਉਡੀਕ ਤੋਂ ਬਚਾਇਆ। ਭਾਰਤੀ ਧਰਮਾਂ ਦੇ ਜਿਹੜੇ ਕਰਮ-ਚੱਕਰ ਜਾਂ ਮਾਇਆ ਜਾਲ ਮਹਾਨ ਬਿਖਮ ਅਖਾੜੇ ਪਰਤੀਤ ਹੁੰਦੇ ਸਨ, ਉਹ 'ਸ਼ਬਦ' ਦੇ ਪ੍ਰਚੰਡ ਖੰਡੇ ਨੇ ਤੋੜ ਸੁਟੇ। ਸਤਿਗੁਰੂ ਨਾਨਕ ਦੇਵ ਜੀ ਦੀ ਵਡਿਆਈ ਇਸੇ ਵਿਚ ਹੈ ਕਿ ਉਹਨਾਂ ਨੇ ਮਨੁਖ ਨੂੰ ਪਰਮ ਹਸਤੀ ਵਿਚ ਲੀਨ ਕਰ ਦੇਣ ਦਾ ਅਜਿਹਾ ਮਹਾਨ ਕਾਰਜ ਕੀਤਾ ਜੋ ਅਜ ਤਕ ਕੋਈ ਅਵਤਾਰ ਜਾਂ ਪੈਗੰਬਰ ਨਹੀਂ ਸੀ ਕਰ ਸਕਿਆ।

ਹਜ਼ਰਤ ਮੁਹੰਮਦ ਸਾਹਿਬ ਨੂੰ ਰੱਬ ਦਾ ਮਿਤਰ ਦਸਿਆ ਜਾਂਦਾ ਹੈ। ਯਸੂ ਮਸੀਹ ਰੱਬ ਦਾ ਪੁੱਤਰ ਦਸਿਆ ਜਾਂਦਾ ਹੈ। ਅਤੇ ਸੰਸਾਰ ਨੂੰ ਇਸ ਖ਼ਿਆਲ ਦਾ ਅਹਿਸਾਸ ਹੋਣ ਲਗ ਪਿਆ ਕਿ ਧਰਮ ਪ੍ਰਚਾਰ ਸ਼ਾਇਦ ਇਕ ਕਟੁੰਬਿਕ ਕਿੱਤਾ ਹੈ। ਸਤਿਗੁਰੂ ਨਾਨਕ ਦੇਵ ਜੀ ਜੋਤੀ ਸਰੂਪ ਧੰਨਤਾ ਯੋਗ ਹਨ ਜਿਨ੍ਹਾਂ ਬੜੇ ਸਪਸ਼ਟ ਸ਼ਬਦਾਂ ਵਿਚ ਸਾਡਾ ਇਹ ਭੁਲੇਖਾ ਕਢਿਆ ਕਿ ਰੱਬ ਦਾ ਨਾ ਕੋਈ ਅਜਿਹਾ ਮਿਤਰ ਹੈ, ਨਾ ਕੋਈ ਅਜਿਹਾ ਪੁਤਰ ਹੈ। ਨਾ ਉਸਦਾ ਕੋਈ ਸਾਕ ਸਬੰਧੀ ਹੈ, ਨਾ ਕੋਈ ਸ਼ਰੀਕ ਹੈ। ਉਸਦੀ ਜੋਤਿ ਅਤੇ ਸ਼ਕਤੀ ਅਸੀਮ ਹੈ—

ਨ ਪੋਤ੍ਰੈ ਨ ਪੁਤ੍ਰੈ ॥ ਨ ਸਤ੍ਰੈ ਨ ਮਿਤ੍ਰੈ ॥
ਨ ਤਾਤੈ ਨ ਮਾਤੈ ॥ ਨ ਜਾਤੈ ਨ ਪਾਤੈ ॥੧੪੮॥
ਨ੍ਰਿਸਾਕੰ ਸਰੀਕ ਹੈਂ ॥ ਅਮਿਤੋ ਅਮੀਕ ਹੈਂ.. ॥੧੪੯॥ [ਸ੍ਰੀ ਜਾਪੁ ਸਾਹਿਬ]

ਭਾਰਤੀ ਧਰਮਾਂ ਨੇ ਅਵਤਾਰਵਾਦ ਦੇ ਸਹਾਰੇ ਹੁਣ ਤਾਈਂ ਜਨਤਾ ਨੂੰ ਪਾਰਬ੍ਰਹਮ ਤੋਂ ਦੂਰ ਰਖਿਆ ਹੈ। ਵੇਦਾਂ ਨੇ ਭਾਵੇਂ ਰੱਬ ਦੀ ਹਸਤੀ ਦਾ ਸੰਕੇਤ ਜ਼ਰੂਰ ਦਿਤਾ ਹੈ, ਪਰ ਬਹੁਤਾ ਜ਼ੋਰ ਇਸ ਸੰਸਾਰ ਵਿਚ ਸੁਖੀ ਜੀਵਨ ਬਤੀਤ ਕਰਨ ਅਤੇ ਮਰਨ ਉਪਰੰਤ ਸਵਰਗਾਂ ਵਿਚ ਸੁਖ ਭੋਗਣ ਤੇ ਦਿਤਾ ਹੈ। ਪ੍ਰਭੂ-ਮਿਲਾਪ ਦੀ ਤਾਂਘ ਨਾ ਸਾਮੀ ਧਰਮ ਨੇ ਕਦੇ ਦਸੀ ਅਤੇ ਨਾ ਭਾਰਤੀ ਧਰਮਾਂ ਨੇ। ਸਤਿਗੁਰੂ ਨਾਨਕ ਦੇਵ ਦੀ ਇਹੋ ਵਡਿਆਈ ਹੈ ਕਿ ਆਪ ਨੇ ਹਰੇਕ ਪ੍ਰਾਣੀ ਦੇ ਹਿਰਦੇ ਵਿਚ ਪ੍ਰਭੂ-ਮਿਲਣ ਦੀ ਚਿਣਗ ਜਗਾਉਣ ਦਾ ਮਹਾਨ ਕਾਰਜ ਅਰੰਭਿਆ। ਅਤੇ ਅਨੇਕਾਂ-ਅਸੰਖਾਂ ਪ੍ਰਾਣੀਆਂ ਨੂੰ ਨਿਰੰਕਾਰੀ ਜੋਤਿ ਵਿਚ ਲੀਨ ਕੀਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਤਾਂ ਸਤਿਗੁਰੂ ਨਾਨਕ ਦੇਵ ਜੀ ਨੂੰ ਨਿਰੰਕਾਰ ਰੂਪ ਮੰਨਦੇ ਹਨ। ਮਿਤਰ ਜਾਂ ਪੁਤਰ ਦਾ ਦਰਜਾ ਕੁਝ ਹੋਰ ਹੈ। ਗੁਰ ਫ਼ੁਰਮਾਨ ਹੈ :—

ਗੁਰੁ ਸਮਰਥੁ ਗੁਰੁ ਨਿਰੰਕਾਰੁ, ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ ਮਹਿਮਾ ਅਗਮ ਹੈ, ਕਿਆ ਕਥੇ ਕਥਨਹਾਰੁ ॥੩॥੨੯॥੯੯॥
(ਸਿਰੀ ਰਾਗੁ ਮ: ੫, ਪੰਨਾ ੫੨)

ਗੁਰੂ ਦੀ ਮਹਿਮਾ ਦਾ ਵਰਨਣ ਕਰਨਾ ਮਨੁਖ ਦੀ ਬੁਧੀ ਦਾ ਵਿਸ਼ਾ ਹੀ ਨਹੀਂ, ਇਹ ਅਗੰਮ ਹੈ। ਸਾਡੀ



www.AKJ.Org

ਬੁਧੀ ਕੇਵਲ ਇੰਦ੍ਰੀਆਂ ਦੇ ਗਿਆਨ ਜੋਗ ਵਿਸ਼ਿਆਂ ਤੇ ਵਿਚਾਰ ਕਰ ਸਕਦੀ ਹੈ। ਗੁਰੂ ਪਾਤਸ਼ਾਹ ਦੀ ਵਡਿਆਈ ਇਤਨੀ ਉਚੀ ਹੈ ਜਿਤਨਾ ਨਿਰੰਕਾਰ ਉਚਾ ਹੈ—

ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥੨੪॥ (ਜਪੁਜੀ)

ਸ੍ਰੀ ਗੁਰੂ ਨਾਨਕ ਦੇਵ ਜੀ ਆਪ ਹੀ ਨਿਰੰਕਾਰ ਦਾ ਸਾਕਾਰ ਰੂਪ ਸਨ। ਭਟਾਂ ਨੇ ਪੂਰਨ ਬ੍ਰਹਮ ਗਿਆਨ ਦੀ ਡੂੰਘਾਈ ਵਿਚੋਂ ਬੜੇ ਸਪਸ਼ਟ ਸ਼ਬਦਾਂ ਵਿਚ ਫ਼ੁਰਮਾਇਆ ਹੈ :—

ਆਪਿ ਨਰਾਇਣੁ ਕਲਾ ਧਾਰਿ, ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥੨॥੧੬॥
(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੫)

ਬਚਿਤਰ ਨਾਟਕ ਵਿਚ ਦਸਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਪੁਰਖ ਜੀ ਵਲੋਂ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ 'ਧਰਮ ਚਲਾਵਨ ਸੰਤ ਉਬਾਰਨ' ਲਈ ਤਿਆਰ ਕਰਨ ਸਮੇਂ ਇਸ ਗੱਲ ਦਾ ਉਚੇਚਾ ਵਰਨਣ ਕੀਤਾ ਕਿ ਇਸ ਮਿਸ਼ਨ ਤੋਂ ਪਹਿਲਾਂ ਜੋ ਜੋ ਪੈਗੰਬਰ ਜਾਂ ਅਵਤਾਰ ਸੰਸਾਰ ਵਿਖੇ ਧਰਮ ਚਲਾਵਨ ਲਈ ਉਹਨਾਂ ਨੇ ਭੇਜੇ, ਉਹਨਾਂ ਨੇ ਬਜਾਇ ਸ੍ਰੀ ਅਕਾਲ ਜੀ ਦੇ, ਆਪਣੀ ਪੂਜਾ ਕਰਵਾਈ। ਇਸ ਦਾ ਵਰਨਣ ਸ੍ਰੀ ਅਕਾਲ ਪੁਰਖ ਵਾਚ, ਇਸ ਕੀਟ ਪ੍ਰਤਿ ॥ਚੌਪਈ॥ ਧਿਆਇ ਛੇਵਾਂ ਪਉੜੀ ਨੰ: ੬ ਤੋਂ ੨੮ ਤਕ ਕੀਤਾ ਗਿਆ ਹੈ। ਦੇਵੀ ਦੇਵਤਿਆਂ ਤੋਂ ਪੂਜਾ ਕਰਾਉਣ ਵਾਲਿਆਂ ਦਾ ਇਹ ਸਿਲਸਿਲਾ ਸ਼ੁਰੂ ਹੁੰਦਾ ਹੈ, ਬ੍ਰਹਮਾ, ਵਿਸ਼ਨੂੰ, ਸ਼ੰਕਰ, ਸੂਰਜ, ਚੰਦਰਮਾ, ਫਿਰ ਬੁੱਤ ਪੂਜਾ, ਸਿਧ ਸਾਧਕ, ਰਿਸ਼ੀ, ਮਹਾਂ ਰਿਸ਼ੀ, ਜਿਨ੍ਹਾਂ ਨੇ ਸਿੰਮ੍ਰਿਤੀਆਂ ਰਚੀਆਂ, ਦੱਤਾ ਤ੍ਰੇਯ, ਗੋਰਖ, ਰਾਮਾਨੰਦ, ਹਜ਼ਰਤ ਮੁਹੰਮਦ ਆਦਿ ਤੇ ਜਾ ਕੇ ਮੁਕਦਾ ਹੈ। ਅੰਤਲੀ ਪਉੜੀ ਵਿਚ ਇਹੋ ਜ਼ਿਕਰ ਹੈ—

ਸਭ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂ ਨ ਪਛਾਨਾ ॥
ਤਪ ਸਾਧਤ ਹਰਿ ਮੋਹਿ ਬੁਲਾਯੋ ॥ ਇਮ ਕਹਿ ਕੈ ਇਹ ਲੋਕ ਪਠਾਯੋ ॥੨੯॥

ਸਤਿਗੁਰੂ ਨਾਨਕ ਦੇਵ ਜੀ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਆਪ ਨੇ ਸਾਰੇ ਸੰਸਾਰ ਲਈ ਸਤਿਨਾਮ ਦਾ ਉਪਦੇਸ਼ ਦਿਤਾ। ਆਪ ਜਗਤ-ਗੁਰੂ ਹਨ, ਕੇਵਲ ਸਿਖਾਂ ਦੇ ਨਹੀਂ। ਆਪ ਦੀ ਬਾਣੀ ਅਤੇ ਉਪਦੇਸ਼ ਹਰ ਸਮੇਂ, ਹਰ ਦੇਸ਼, ਹਰ ਜਾਤੀ ਦੇ ਹਰ ਮਨੁਖ ਲਈ ਹੈ।

---

# "ਕੇਸ" ਦਸਮ ਦੁਆਰ ਦੇ ਰਾਖੇ

ਸਾਧਨਾ ਮਾਰਗ ਵਿਚ ਵਾਹਿਗੁਰੂ ਜੀ ਦੀ ਦਿਤੀ ਦਾਤਿ "ਕੇਸ" ਸਾਡੀ ਗੁਪਤ ਸਹਾਇਤਾ ਕਰਦੇ ਹਨ। ਇਹ (ਕੇਸ) ਜੀਵਾਤਮਾ ਤੇ ਪਰਮਾਤਮਾ ਵਿਚਕਾਰ ਸੱਚੀ ਗੰਢ ਹਨ। ਇਹ ਬਾਹਰਮੁਖੀ ਚਿੰਨ੍ਹ ਹਨ ਉਸ ਨਿਜ-ਸੰਬੰਧ ਦੇ, ਜੋ ਸਾਡੇ ਅਤੇ ਵਾਹਿਗੁਰੂ ਜੀ ਵਿਚ ਹੈ। ਇਹ ਦਸਮ ਦੁਆਰ ਦੇ ਰਾਖੇ ਹਨ। ਜਿਵੇਂ ਹਿਮਾਲਾ ਪਰਬਤ ਦੀਆਂ ਕਿੰਗਰਾਂ ਘਣੇ ਜੰਗਲਾਂ ਬਿਨਾਂ ਅਧੂਰੀਆਂ ਤੇ ਸੜੀਆਂ ਸੁੱਕੀਆਂ ਹਨ ਤਿਵੇਂ ਹੀ ਸਾਡਾ ਦਸਮ ਦੁਆਰ ਇਸ "ਕੇਸ" ਦਾਤਿ ਬਿਨਾਂ ਰੋਡਾ ਮੋਡਾ ਹੈ। ਪਰਬਤਾਂ ਦੇ ਸੰਘਣੇ ਬਨ ਸਪੰਚ ਬਣ ਕੇ ਬਦਲਾਂ ਵਿਚੋਂ ਬਰਖਾ ਨੂੰ ਖਿਚਦੇ ਹਰਾ ਭਰਾ ਕਰ ਦੇਂਦੇ ਹਨ ਤਿਵੇਂ ਹੀ ਕੇਸ ਸਵੱਛ ਸੰਦਲ-ਬਣਾਂ ਵਾਂਗ ਅਰਸ਼ ਤੋਂ ਨਾਮ-ਵਰਖਾ ਖਿਚ ਕੇ ਸਾਡੀ ਸੁੱਕੀ ਸੜੀ ਆਤਮ-ਵਾੜੀ ਨੂੰ ਹਰਾ ਭਰਾ ਕਰਦੇ ਹਨ। ਇਹ ਦਾਤਿ ਦਾਮਨਿਕ ਸ਼ਕਤੀਆਂ ਦੀ ਰਖਯਕ ਹੈ। ਆਤਮਕ ਹੁਲਾਸ ਦੀ ਕੁੰਜੀ ਹੈ ਤੇ ਇਸ ਬਿਨਾਂ ਸਾਡਾ ਹਿਰਦਾ ਮਾਰੂ ਥਲ ਵਾਂਗ ਥੋਥਰਾ ਹੈ।

[ਭਾ: ਸਾ: ਸ਼ੇਰ ਸਿੰਘ ਜੀ ਲਿਖਤ ਪੁਸਤਕ 'ਆਤਮ ਦਰਸ਼ਨ', ਪੰਨਾ ੧੯੯


www.AKJ.Org

# ਗੁਰੂ ਨਾਨਕ ਦੀ ਮਹਿਮਾ

[ਸ. ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਧਰਤੀ ਦੇ ਭਾਗ ਜਾਗੇ, ਜਦ ਰੋਈ ਨੈਨ ਭਰ ਕੇ ।
ਆਇਆ ਜਗਤ ਦਾ ਵਾਲੀ, ਨਾਨਕ ਦਾ ਰੂਪ ਧਾਰ ਕੇ ।

ਜਦ ਸਿਧ ਨਾਥ ਜੋਗੀ, ਭਟਕੇ ਹਨੇਰਿਆਂ ਵਿਚ ।
ਜਦ ਕੂੜ ਛਾ ਰਿਹਾ ਸੀ, ਸਚੁ ਲੁਕ ਰਿਹਾ ਸੀ ਡਰ ਕੇ ।

ਜਦ ਕਹਿਰ ਦੀ ਜਵਾਲਾ, ਭੜਕੀ ਸੀ ਅੰਬਰਾਂ ਤੋਂ ।
ਜਦ ਜਲ ਕੇ ਰਾਖ ਹੋਈ, ਭਾਰਤ ਦੀ ਆਨ ਮਰ ਕੇ ।

ਮੁਗਲਾਂ ਦਾ ਗ਼ਜ਼ਬ ਟੁਟਾ, ਹਿੰਦੀ ਨਿਮਾਣਿਆਂ ਤੇ ।
ਜਦ ਕਟ ਮਰੇ ਸੀ ਲੋਧੀ ਵਿਚ ਰਣ ਦੇ ਮਾਨ ਹਰ ਕੇ ।

ਜਦ ਲਖਾਂ ਹਿੰਦੀਆਂ ਨੂੰ, ਕੋਹਿਆ ਹਜ਼ਾਰਾਂ ਮੁਗਲਾਂ ।
ਜਦ ਮਿਟ ਗਏ ਰਾਜੇ ਰਾਣਾਂ ਸੁਲਤਾਨ ਖ਼ਾਨ ਗ਼ਰਕੇ ।

ਤਦ ਸੀਨੇ ਨਾਲ ਲਾਇਆ, ਨਾਨਕ ਨੇ ਬੇਬਸਾਂ ਨੂੰ ।
ਨਾਅਰਾ ਇਲਾਹੀ ਸੁਣ ਕੇ ਜ਼ਾਲਿਮ ਦੇ ਕਰਮ ਥਰਕੇ ।

ਅਗਨੀ ਨੂੰ ਸ਼ਾਂਤ ਕੀਤਾ, ਠਲ੍ਹਿਆ ਅੰਧੇਰੀਆਂ ਨੂੰ ।
ਵਸ ਕੀਤਾ ਜਾਬਰਾਂ ਨੂੰ, ਬਾਬਰ ਜਿਹੇ ਵੀ ਯਰਕੇ ।

ਦੁਖੀਆਂ ਦੇ ਪੀਤੇ ਹੰਝੂ, ਗ਼ਮ ਖਾਧਾ ਬੇਕਸਾਂ ਦਾ ।
ਬਣ ਵੈਦ ਰੋਗ ਕਟੇ, ਹਰ ਦਿਲ ਦਾ ਜ਼ਖ਼ਮ ਭਰ ਕੇ ।

ਲਖ ਆਫ਼ਤਾਂ ਤੇ ਝਖੜ, ਲਖ ਈਰਖਾ ਦੇ ਝੇੜੇ ।
ਡੁਬਦਾ ਧਰਮ ਬਚਾਇਆ ਦੁਖੜੇ ਹਜ਼ਾਰ ਜਰ ਕੇ ।

ਭਰਮਾਂ ਦਾ ਨਾਸ ਕੀਤਾ, ਛੰਡਿਆ ਭੁਲੇਖਿਆਂ ਨੂੰ ।
ਜਗ ਸਚੀ ਕਾਰੇ ਲਾਇਆ, ਵੈਰਾਗ ਦੂਰ ਕਰ ਕੇ ।

ਮਰਦਾਨੇ ਤਾਨ ਛੇੜੀ, ਗਾਈ ਗੁਰਾਂ ਨੇ ਬਾਣੀ ।
ਸੁਣ ਕੇ ਸੁਖ਼ਨ ਇਲਾਹੀ, ਦੀਨਾਂ ਦੇ ਅੰਗ ਫਰਕੇ ।

ਸਿਖੀ ਨਿਸ਼ਾਨ ਝੁਲਾਇਆ, ਧਰਮਾਂ ਦੇ ਖੰਡਰਾਂ ਤੇ ।
ਮੋਇਆਂ ਨੂੰ ਪ੍ਰਾਨ ਬਖ਼ਸ਼ੇ ਅੰਮ੍ਰਿਤ ਸਮਾਨ ਵਰ੍ਹ ਕੇ ।

ਜਨਤਾ ਦਾ ਸੱਚਾ ਰਹਿਬਰ, ਦੀਨਾਂ ਦਾ ਨਾਥ ਨਾਨਕ ।
ਕਟਦਾ ਹੈ ਪਾਲਿਆਂ ਨੂੰ, ਬਰਫ਼ਾਂ ਚਿ ਆਪ ਠਰ ਕੇ ।

ਉਫ਼ ਬਦਨਸੀਬ 'ਆਜਿਜ਼' ਕਿਉਂ ਕਲਪਦਾ ਪਿਆਸਾ !
ਅੰਮ੍ਰਿਤ ਦਾ ਸਰ ਹੈ ਨਾਨਕ, ਪੀ ਨਾਮ-ਜਾਮ ਭਰ ਕੇ ।

# ਗ਼ਜ਼ਲ

[ਵਲੋਂ—ਸ. ਜਤਿੰਦਰ ਪਾਲ ਸਿੰਘ ਜੀ]

ਜਿਸ ਨੇ ਅੱਗਾਂ ਲਾਈਆਂ ਤੇਰੇ ਸ਼ਹਿਰ ਵਿਚ !
ਕਿਥੋਂ ਫ਼ੌਜਾਂ ਆਈਆਂ ਤੇਰੇ ਸ਼ਹਿਰ ਵਿਚ !
ਸ਼ਹਿਰ ਤੇਰਾ ਸੀ ਸਵਰਗਾਂ ਦੀ ਖੁਸ਼ਬੋ ਜਿਥੇ,
ਅੱਜ ਲਾਸ਼ਾਂ ਦੇਣ ਦੁਹਾਈਆਂ ਤੇਰੇ ਸ਼ਹਿਰ ਵਿਚ !
ਕਿਸ ਦੇ ਦਿਲ ਨੂੰ ਤੇਰੇ ਬੋਲਾਂ ਤਾਇਆ ਸੀ ?
ਜਿਸ ਤੋਪਾਂ ਆਣ ਚਲਾਈਆਂ ਤੇਰੇ ਸ਼ਹਿਰ ਵਿਚ !
ਹਿਟਲਰ ਅਤੇ ਨਾਦਰ ਬਹੁ ਹਤਿਆਰੇ ਸੀ,
ਪਾਏ ਮਾਤ ਕਸਾਈਆਂ ਤੇਰੇ ਸ਼ਹਿਰ ਵਿਚ !
ਕਿਹੜਾ ਜ਼ੁਲਮ ਨਾ ਹੋਇਆ ਸੁਣਿਓ ਕੰਨ ਧਰ ਕੇ,
ਰੂਹਾਂ ਦੇਣ ਦੁਹਾਈਆਂ ਤੇਰੇ ਸ਼ਹਿਰ ਵਿਚ !
ਖ਼ੂਨ ਸ਼ਹੀਦਾਂ ਦੇ ਤੁਪਕੇ ਦਾ ਮੁਲ ਪਵੇ,
ਅੱਜ ਖ਼ੂਨੀ ਨਦੀਆਂ ਆਈਆਂ ਤੇਰੇ ਸ਼ਹਿਰ ਵਿਚ !



www.AKJ.Org

# ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੨)

[ਕੈਪਟਨ ਸਵਰਨ ਸਿੰਘ ਜੀ]

'ਸੂਰਾ' ਸਤੰਬਰ ੧੯੮੪ ਵਿਚ ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' ਦੀ ਪਹਿਲੀ ਕਿਸ਼ਤ ਦਿਤੀ ਗਈ ਸੀ, ਜਿਸ ਵਿਚ ਉਸ ਵੇਲੇ ਦੀ ਮੁਗਲ ਹਕੂਮਤ ਨਾਲ ਟੱਕਰ ਹੋਣ ਪਿਛੋਂ, ਸਿਖਾਂ ਤੇ ਜੋ ਸਖ਼ਤੀਆਂ ਕੀਤੀਆਂ ਗਈਆਂ, ਅਤੇ ਅਬਦੁਲ ਸਮੱਦ ਖਾਨ ਦੇ ਰਾਜ-ਪਰਬੰਧ ਦੀ ਜੋ ਬੁਰੀ ਦਸ਼ਾ ਹੋ ਗਈ ਸੀ, ਉਸ ਬਾਰੇ ਮੁਢਲੀ ਜਾਣਕਾਰੀ ਜਹੀ ਦਿਤੀ ਗਈ ਸੀ ਅਤੇ ਉਸ ਭਾਰਤ ਦੇ ਅਣਵੰਡੇ ਪੰਜਾਬ ਦੀਆਂ ਸਰਹੱਦਾਂ ਦਾ ਖ਼ਾਕਾ ਸੀ, ਜਿਸ ਦਾ ਕਿ ਇਸ ਸਮੁੱਚੇ ਲੇਖ ਵਿਚ ਜ਼ਿਕਰ ਆਉਣਾ ਹੈ।

ਇਸ ਦੂਜੀ ਕਿਸ਼ਤ ਵਿਚ ਪੰਜਾਬ ਵਿਚ ਵਰਤ ਰਹੀ ਆਪਾ-ਧਾਪੀ ਤੇ ਕਾਬੂ ਪਾਣ ਲਈ ਜ਼ਕਰੀਆ ਖਾਨ ਦੇ ਰਾਜ-ਪਰਬੰਧ ਨੂੰ ਸੁਧਾਰਨ ਦਾ ਜ਼ਿਕਰ ਹੈ ਅਤੇ ਮਿਲਵਰਤਣੀਏ ਤੇ ਨਾ-ਮਿਲਵਰਤਣੀਏ ਸਿਖਾਂ ਬਾਰੇ ਉਸ ਦੀ ਨੀਤੀ ਨੂੰ ਉਘਾੜਿਆ ਗਿਆ ਹੈ। ਇਸ ਪਿਛੋਕੜ ਦਿਤੇ ਜਾਣ ਪਿਛੋਂ ਸ਼ਹੀਦ ਦੇ ਜੀਵਨ ਦਾ ਅਰੰਭ ਕੀਤਾ ਗਿਆ ਹੈ।

ਇਸ ਕਿਸ਼ਤ ਨਾਲ ਸੰਬੰਧਤ ਦੋ ਵਡੇ ਫ਼ੁਟ-ਨੋਟ ਵੀ ਲੇਖ ਦੇ ਨਾਲ ਹੀ ਸ਼ਾਮਲ ਕਰ ਦਿਤੇ ਗਏ ਹਨ। ਜਿਥੇ ਇਨ੍ਹਾਂ ਵਿਚ ਦਿਤੀ ਭਰਪੂਰ ਵਾਕਫ਼ੀ ਕਾਫ਼ੀ ਰੌਚਕ ਹੈ, ਉਥੇ ਪਾਠਕ ਲਈ ਸ਼ਹੀਦਾਂ ਦੀ ਇਸ ਲਿਖੀ ਜਾ ਰਹੀ ਲੜੀ ਵਿਚ ਉਸ ਵੇਲੇ ਦੇ ਪੰਜਾਂ ਦਰਿਆਵਾਂ ਵਾਲੇ ਪੂਰੇ ਪੰਜਾਬ ਤੇ ਮਾਝੇ ਬਾਰੇ ਦਿਤੀ ਜਾਣਕਾਰੀ ਵੀ ਬੜੀ ਜ਼ਰੂਰੀ ਹੈ, ਜਿਸ ਦਾ ਜ਼ਿਕਰ ਬਾਰ ਬਾਰ ਇਸ ਲੇਖ-ਲੜੀ ਵਿਚ ਆਉਣਾ ਹੈ।

—ਸੰਪਾਦਕ

ਜ਼ਕਰੀਆ ਖਾਨ ਬੜਾ ਸਿਆਣਾ, ਮੁਹਿੰਮਾਂ ਵਿਚ ਹੰਢਿਆਂ ਪਰਖਿਆ, ਹਰ ਮੌਕੇ ਨੂੰ ਸਮਝਣ ਵਾਲਾ ਤੇ ਆਪਣੇ ਹੱਠ ਦਾ ਪੱਕਾ ਤੇ ਚੰਗਾ ਦਲੇਰ ਹਾਕਿਮ ਸੀ। ਜਿਵੇਂ ਹਰ ਨਵੇਂ ਹਾਕਮ ਨੂੰ ਦੇਸ਼ ਪਰਬੰਧ ਦਾ ਚਾਅ ਹੁੰਦੈ, ਇਵੇਂ ਹੀ ਇਸ ਦੇ ਮਨ ਵਿਚ ਵੀ ਸੀ। ਇਸ ਦੇ ਬਾਪ ਦੇ ਪਿਛਲੇ ਪੰਜਾਂ ਛੇਆਂ ਸਾਲਾਂ ਵੇਲੇ ਜੋ ਪ੍ਰਸ਼ਾਸਨ ਪਖੋਂ ਪੰਜਾਬ ਦੀ ਭੈੜੀ ਦਸ਼ਾ ਹੋ ਚੁਕੀ ਸੀ, ਇਸ ਦੀਆਂ ਅੱਖਾਂ ਦੇ ਸਾਮ੍ਹਣੇ ਸੀ। ਬਠਿੰਡੇ ਵਲ ਲਖੀ ਜੰਗਲ ਦੇ ਭਟੀਆਂ ਨੇ ਉਧੜ-ਧੁਮੀ ਚੁਕੀ ਹੋਈ ਸੀ, ਕਸੂਰ ਦੇ ਖੇਸ਼ਗੀ ਪਠਾਣ ਸਭ ਤੋਂ ਜ਼ਿਆਦਾ ਭੂਤਰੇ ਹੋਏ ਸਨ ਤੇ ਲੁਟਮਾਰ ਦਾ ਇਹੋ ਜਿਹਾ ਬਾਜ਼ਾਰ ਗ਼ਰਮ ਕਰ ਛਡਿਆ ਸੀ ਕਿ ਲਾਹੌਰ ਦਿਆਂ ਬੂਹਿਆਂ ਤਕ ਦਿਨ ਦੀਵੀਂ ਲੁਟਾਂ ਤੇ ਡਾਕੇ ਮਾਰਨ ਲੱਗ ਪਏ ਸਨ। ਸਾਰੇ ਦੇਸ਼ ਵਿਚ ਚੰਗਾ ਰਾਮ ਰੌਲਾ ਪੈ ਗਿਆ, ਹਰ ਪਿੰਡੋਂ ਕਟਕ ਨਿਕਲਦੇ ਤੇ ਵਾਹਰਾਂ ਪੈਂਦੀਆਂ। ਜੇ ਅੱਜ ਫਲਾਣਾ ਪਿੰਡ ਲੁਟਿਆ ਗਿਆ ਹੈ ਤਾਂ ਕਲ੍ਹ ਢਮਕਾਣਾ ਘੇਰ ਕੇ ਮਾਂਜਿਆ ਗਿਆ ਹੈ। ਬਸ ਰੋਜ਼ ਇਹੋ ਲੁਟਾਂ, ਮਾਰਾਂ, ਸਾੜਾਂ ਤੇ ਖੋਹਾਂ ਡਾਕਿਆਂ ਦਾ ਚਰਚਾ ਸੀ। ਨਾਜ਼ਮ (ਦਲੇਰੇ-ਜੰਗ) ਬਿਲਕੁਲ ਬੇ-ਬੱਸ ਹੋ ਚੁਕਿਆ ਸੀ। ਇਕ ਵਾਰ ਜੀਅ ਕਰੜਾ ਕਰ ਕੇ ਕਸੂਰੀਆਂ ਦੇ ਖਿਲਾਫ਼ ਲਾਹੌਰੋਂ ਚੜ੍ਹਿਆ ਤੇ ਚੂਨੀਆਂ ਲਾਗੇ ਪਠਾਣਾਂ ਨੂੰ ਤਕੜੀ ਭਾਂਜ ਦਿਤੀ। ਪਠਾਣ ਕਸੂਰ ਵਲ ਨੂੰ ਨਸ ਤੁਰੇ। ਨਾਜ਼ਮ ਦਾ ਹੌਸਲਾ ਨਾ ਪਿਆ ਕਿ ਪਿਛਾ ਕਰ ਕੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਖ਼ਤਮ ਕਰੇ। ਇਹ ਸੀ ਉਸ ਵੇਲੇ ਦੇ ਮੁਲਕੀ ਪ੍ਰਬੰਧ ਦਾ ਹਾਲ, ਜਦ ਜ਼ਕਰੀਆ ਖਾਨ ਨੇ ਵਾਗ-ਡੋਰ ਸੰਭਾਲੀ।

ਖਾਨ ਬਹਾਦਰ ਨੇ ਬੜੀ ਵਿਉਂਤ-ਬੰਦੀ ਨਾਲ ਆਪਣੇ ਕੰਮ ਨੂੰ ਕਰੜੇ ਹਥੀਂ ਲਿਆ ਤੇ ਦਿਨਾਂ ਵਿਚ ਹੀ ਸਾਰੇ ਦੇਸ਼ ਵਿਚ ਠਲ੍ਹ ਪਾ ਦਿਤੀ। ਸਭ ਤੋਂ ਪਹਿਲਾਂ ਉਸ ਨੇ ਭਟੀਆਂ ਵਲ ਨਿਗਾਹ ਕੀਤੀ। ਦੀਵਾਨ ਕੌੜਾ ਮੱਲ ਨੂੰ ਇਕ ਤਕੜੀ ਫ਼ੌਜ ਦੇ ਕੇ ਉਨ੍ਹਾਂ ਵਲ ਭੇਜਿਆ, ਜਿਸ ਨੇ ਉਨ੍ਹਾਂ ਦੀ ਤਾਕਤ ਨੂੰ ਖੇਰੂੰ ਖੇਰੂੰ ਕਰ ਕੇ ਉਨ੍ਹਾਂ ਦਾ ਖੁਰਾ-



www.AKJ.Org

ਖੋਜ ਹੀ ਮਿਟਾ ਦਿਤਾ। ਮਾਝੇ ਵਿਚ ਲਸ਼ਕਰੀ ਨਾਮੀ ਗਿਲ ਜੱਟ ਜੋ ਵੱਡਾ ਧਾੜਵੈਲ ਬਣਿਆ ਬੈਠਾ ਸੀ, ਫ਼ੌਜਾਂ ਘਲ ਕੇ ਜ਼ਿੰਦਾ ਫੜ ਮੰਗਵਾਇਆ ਤੇ ਲਾਹੌਰ ਆਪਣੇ ਸਾਮ੍ਹਣੇ ਤਸੀਹੇ ਦਿਵਾ ਕੇ ਮਰਵਾ ਦਿਤਾ। ਏਸੇ ਤਰ੍ਹਾਂ ਅਲੀਆ ਪੁਰ ਦੇ ਧਾੜਵੀਆਂ ਦਾ ਹਾਲ ਕੀਤਾ। ਰਚਨਾ ਦਵਾਬ ਦੇ ਅਸਮਾਨ ਖ਼ਾਂ ਖਰਲ ਤੇ ਲਖਾਂ ਵਟੂ ਇਹ ਦੁਰਦਸ਼ਾ ਹੁੰਦੀ ਵੇਖ ਕੇ ਆਪਣੇ ਆਪ ਹੀ ਈਨ ਮੰਨ ਗਏ ਤੇ ਲਾਹੌਰ ਆਣ ਵੱਸੇ ਤੇ ਕਾਰੋਬਾਰ ਕਰਨ ਲੱਗ ਪਏ। ਉਂਜ ਤਾਂ ਬੰਦਾ ਸਿੰਘ ਦੇ ਸਮੇਂ ਤੋਂ ਹੀ ਸਿੰਘਾਂ ਨੂੰ ਸਮੁਚੇ ਤੌਰ ਤੇ ਬਾਗੀ ਹੀ ਸਮਝਿਆ ਜਾਂਦਾ ਸੀ, ਪਰ ਇਨ੍ਹਾਂ ਵਿਚੋਂ ਵੀ ਕੁਝ ਸਿਰਕਢਾਂ ਨੂੰ ਨਿਖੇੜ ਕੇ ਜਾਗੀਰਾਂ ਦੇ ਦਿਤੀਆਂ ਗਈਆਂ ਤੇ ਇਨ੍ਹਾਂ ਨਾਲ ਇੰਜ ਰਸਾਈ ਕਰ ਕੇ ਆਪਣੇ ਰਾਜ ਪਰਬੰਧ ਵਿਚ ਕਾਫ਼ੀ ਹਦ ਤਕ ਠੰਡ ਵਰਤਾ ਦਿਤੀ।

ਕਟਕ ਚੜ੍ਹਨੇ ਤੇ ਵਾਹਰਾਂ ਨਿਕਲਣੀਆਂ ਤਾਂ ਭਾਵੇਂ ਬੰਦ ਹੋ ਗਈਆਂ, ਪਰ ਮਾਰਾਂ-ਧਾੜਾਂ ਨਾ ਹੀ ਹਟੀਆਂ। ਜ਼ਕਰੀਆ ਖਾਨ ਬੰਦਾ ਸਿੰਘ ਵਿਰੁਧ ਮੁਹਿੰਮ ਵਿਚ ਸ਼ਾਮਲ ਹੋ ਕੇ ਸਿੰਘਾਂ ਦੇ ਹੱਥ ਵੇਖ ਚੁਕਿਆ ਸੀ ਅਤੇ ਉਹ ਇਹ ਚੰਗੀ ਤਰ੍ਹਾਂ ਸਮਝਦਾ ਸੀ ਕਿ ਭਟੀਆਂ, ਕਸੂਰੀਆਂ, ਖਰਲਾਂ ਤੇ ਟਿਵਾਣਿਆਂ ਨਾਲੋਂ ਇਹ ਕਈ ਗੁਣਾ ਜ਼ਿਆਦਾ ਹੱਠੀ ਤੇ ਸਖ਼ਤ-ਜਾਨ ਹਨ ਤੇ ਇਨ੍ਹਾਂ ਤੇ ਕਰੜੀ ਅੱਖ ਹੀ ਰਖੀ ਜਾਵੇ। ਉਸ ਨੇ ਚੌਧਰੀਆਂ ਰਾਹੀਂ, ਇਕ ਤਕੜਾ ਸੂਹੀਆਂ ਦਾ ਜਾਲ ਵੀ ਦੇਸ ਵਿਚ ਤਣ ਦਿਤ੍ਰਾ ਸੀ, ਜਿਨ੍ਹਾਂ ਵਿਚ ਉਘੇ ਨੌਸ਼ਹਿਰਾ ਢਾਲਾ ਦਾ ਸਾਹਿਬ ਰਾਏ, ਨੌਸ਼ਹਿਰਾ ਪੰਨੂਆਂ ਦਾ ਚੌਧਰੀ ਰਾਮਾ ਰੰਧਾਵਾ, ਕਰਮਾ ਛੀਨਾ, ਮਜੀਠੀਏ, ਯੋਧਾ ਨਗਰੀ ਵਾਲਾ ਧਰਮ ਦਾਸ ਤੋਪੀ, ਜੰਡਿਆਲੀਆ ਸਰਨ ਦਾਸ, ਹੇਦਾਲੀਆ ਤੇ ਮੰਡਿਆਲੀਆ ਮੱਸਾ ਰੰਘੜ ਆਦਿ ਸਨ। ਜ਼ਕਰੀਆ ਖਾਨ ਨੇ ਇੰਜ ਨਰਮੀ ਤੇ ਸਖ਼ਤੀ ਦੇ ਸੁਮੇਲ ਨਾਲ ਚੰਗੀ ਸਫਲਤਾ ਪ੍ਰਾਪਤ ਕਰ ਲਈ। ਉਤੋਂ ਉਤੋਂ ਤਾਂ ਭਾਵੇਂ ਉਨ੍ਹੇ ਥੜੇ ਜਿਹੇ ਸਿਖਾਂ, ਜੋ ਸਿਰਫ਼ ਪੋਟਿਆਂ ਤੇ ਹੀ ਗਿਣੇ ਜਾ ਸਕਦੇ ਸਨ, ਨਾਲ ਵੀ ਰਸਾਈ ਕਰ ਲਈ ਸੀ, ਪਰ ਦਿਲੋਂ ਉਹ ਇਨ੍ਹਾਂ ਦਾ ਪਰਲੇ ਦਰਜੇ ਦਾ ਦੋਖੀ ਸੀ। ਰਾਠ ਸਿੰਘ ਮੁਗ਼ਲ ਰਾਜ ਦੀ ਨੀਤੀ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਹ ਸਮਝਦੇ ਸਨ ਕਿ ਇਹ ਨਰਮੀ ਵਕਤੀ ਹੈ; ਜਦ ਇਨ੍ਹਾਂ ਦਾ ਬਲ ਪਿਆ, ਮਾਰੂ ਸੱਟ ਮਾਰਨਗੇ। ਸੂਬੇਦਾਰ ਦੀ ਨਰਮੀ ਤੇ ਪਸੀਜਣਾ ਗੁਲਾਮੀ ਦੇ ਸੰਗਲ ਆਪ ਗਲੀਂ ਪਾ ਕੇ ਗਲਾਵੇਂ ਕਸਣੇ ਤੇ ਮੌਤ ਵਿਹਾਜਣ ਵਾਲੀ ਗੱਲ ਹੈ। ਪਿੰਜਰੇ ਵਿਚ ਵੀ ਸ਼ੇਰ ਨੂੰ ਭਾਵੇਂ ਮਾਸ ਹੀ ਖਾਣ ਨੂੰ ਮਿਲਦਾ ਹੈ, ਪਰ ਆਜ਼ਾਦੀ ਤੇ ਰਾਠਾ-ਚਾਰੀ ਕਿਥੇ! ਗੁਲਾਮੀ ਮੌਤ ਦਾ ਅਤਿਅੰਤ ਭਿਆਨਕ ਰੂਪ ਹੈ। ਮਰ ਗਿਆ ਤੇ ਖਲਾਸੀ ਹੋਈ, ਪਰ ਗੁਲਾਮੀ ਦੇ ਉਧਾਰੇ ਜੀਵਨ ਵਿਚ ਤਾਂ ਗੁਲਾਮ ਦੀ, ਹਰ ਸਾਹ ਨਾਲ ਮੌਤ ਹੁੰਦੀ ਹੈ ਤੇ ਫਿਰ ਇਸ ਵਾਰ ਵਾਰ ਦੀ ਮੌਤ ਨਾਲ ਖਲਾਸੀ ਵੀ ਨਹੀਂ ਹੁੰਦੀ। ਨਾ ਕੋਈ ਸ਼ੇਰਾਂ ਨੂੰ ਨੱਥ ਪਾ ਸਕਦੈ ਤੇ ਨਾ ਨੱਥ ਪੁਆ ਕੇ ਸ਼ੇਰ ਜੀਉ ਹੀ ਸਕਦੇ ਹਨ। ਰਾਠ ਸਿੰਘਾਂ ਦੇ ਆਕੀ ਹੋਣ ਦਾ ਇਹੋ ਸਬੱਬ ਸੀ ਤੇ ਇਸੇ ਕਾਰਨ ਹੀ ਇਹ ਮੁਗਲ ਰਾਜ ਦੇ ਦਿਲ ਵਿਚ ਕੰਡੇ ਵਾਂਗ ਰੜਕਦੇ ਸਨ। ਜ਼ਕਰੀਆ ਖਾਨ ਦੀ ਪੰਜਾਬ ਵਿਚ ਬਦਲੀ ਦਾ ਮਨੋਰਥ ਹੀ ਇਹ ਸੀ ਕਿ ਉਹ ਇਹ ਕੰਡਾ ਕੱਢ ਦੇਵੇ।

ਮਾਝੇ ਵਿਚ 'ਡਲ' ਅਤੇ 'ਵਾਂ' ਪਿੰਡ ਪੌਣੇ ਕਿਲੋ-ਮੀਟਰ ਦੀ ਵਿਥ ਤੇ ਉੱਤਰ ਦਖਣ ਦੇ ਰੁਖ ਸਥਿਤ ਹਨ। ਇਹ ਦੋਵੇਂ ਪਿੰਡ ਵੰਡ ਤੋਂ ਪਹਿਲਾਂ ਥਾਣਾ ਖਾਲੜਾ* ਤਹਿਸੀਲ ਕਸੂਰ ਜ਼ਿਲਾ ਲਾਹੌਰ ਵਿਚ ਸਨ, ਵੰਡ ਤੋਂ ਪਿਛੋਂ ਇਹ ਹਿੰਦੁਸਤਾਨ ਵਿਚ ਰਹਿ ਗਏ। ਹੁਣ ਥਾਣਾ ਖਾਲੜਾ ਤਹਿਸੀਲ ਪੱਟੀ ਜ਼ਿਲਾ ਅੰਮ੍ਰਿਤਸਰ ਵਿਚ ਹੈ। ਇਨ੍ਹਾਂ ਦੋਹਾਂ ਪਿੰਡਾਂ ਵਿਚ ਬੁੱਟਰ ਗੋਤ ਦਿਆਂ ਜੱਟਾਂ ਦੀ ਵਸੋਂ ਹੈ। ਇਹ ਬੜੇ ਪੁਰਾਣੇ ਪਿੰਡ ਹਨ। ਸ਼ਾਹ ਜਹਾਨ ਦੇ ਸਮੇਂ ''ਵਾਂ'' ਪਿੰਡ ਨਿਰੋਲ ਤੇਲੀਆਂ ਦੀ ਮਾਲਕੀ ਸੀ। ਮਗਰੋਂ ਇਹ ਪਿੰਡ ਖਤਰੀਆਂ ਸਾਂਭ ਲਿਆ। ਔਰੰਗਜ਼ੇਬ ਦੇ

* ਖਾਲੜਾ ੧੯੬੫ ਵਾਲੀ ਪ੍ਰਸਿਧ ਬਰਕੀ, ਜੋ ਲਾਹੌਰ ਹਰੀਕੇ ਸੜਕ ਤੇ ਈਚੋਗਿਲ ਨਹਿਰ ਦੇ ਖਬੇ ਕੰਢੇ ਤੇ ਹੈ, ੧੪ ਕਿਲੋਮੀਟਰ ਬਾਡਰ ਵਲ ਹੈ।



www.AKJ.Org

ਆਖ਼ਰੀ ੨੫ ਸਾਲ ਦਖਣ ਵਿਚ ਹੀ ਬੀਤੇ ਤੇ ਉਹ ਉਧਰ ਹੀ ਮਰ ਗਿਆ । ਪਰਬੰਧ ਪਖੋਂ ਪੰਜਾਬ ਦੀ ਹਾਲਤ ਬੜੀ ਨਿਘਰ ਗਈ ਸੀ । ਔਰੰਗਜ਼ੇਬ ਦੇ ਇਸ ਦੌਰ ਵਿਚ "ਵਾਂ" ਉਤੇ ਖਤਰੀਆਂ ਦੇ ਕਮਜ਼ੋਰ ਜਿਹੇ ਕਬਜ਼ੇ ਨੂੰ ਵੇਖ ਕੇ ਈਚੋਗਿਲ ਦੇ ਬੁੱਟਰਾਂ ਨੇ ਇਹ ਪਿੰਡ ਆਣ ਨੱਪਿਆ । ਸੋ ਹੁਣ ਤਕ ਇਨ੍ਹਾਂ ਦੀ ਔਲਾਦ ਹੀ ਮਾਲਿਕ ਚਲੀ ਆ ਰਹੀ ਹੈ ।

## *ਇਸ ਦੂਜੀ ਕਿਸ਼ਤ ਨਾਲ ਸੰਬੰਧਤ ਹਵਾਲਿਆਂ ਬਾਰੇ ਦੋ ਨੋਟਃ–*

**ਨੋਟ (੧)**—ਇਸ ਸਮੇਂ ਦੇ ਹਾਲਾਂ ਨੂੰ ਪੜ੍ਹਦਿਆਂ ਵਾਚਦਿਆਂ ਪਤਾ ਲਗਦਾ ਹੈ ਕਿ ਭਾਵੇਂ ਸਿਖ ਸਮੁਚੇ ਤੌਰ ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੋਂ ਹੀ ਰਾਜ ਵਿਧ੍ਰੋਹੀ ਸਮਝੇ ਜਾਂਦੇ ਸਨ, ਪਰ ਫਿਰ ਵੀ ਸਰਕਾਰ ਨੇ ਇਕ ਹਿਸੇ ਤੇ ਬਹੁਤ ਹੀ ਜ਼ਿਆਦਾ ਸਖ਼ਤੀ ਕੀਤੀ ਤੇ ਇਕ ਹਿਸੇ ਤੇ ਕੁਝ ਨਰਮੀ ਤੋਂ ਹੀ ਕੰਮ ਲਿਆ ਤੇ ਉਨ੍ਹਾਂ ਰਾਹੀਂ ਆਪਣੀਆਂ ਵਿਸ਼ੇਸ਼ ਨੀਤੀਆਂ ਨੂੰ ਸਫਲ ਕਰਾਉਣ ਦੇ ਉਪ੍ਰਾਲੇ ਕੀਤੇ । ਇਨ੍ਹਾਂ ਦੋਵੇਂ Categories (ਸ਼੍ਰੇਣੀਆਂ) ਦੀ ਚੰਗੀ ਵਿਆਖਿਆ ਇਹ ਦੋ ਸ਼ਬਦ ਕਰਦੇ ਹਨ, ਜੋ ਉਸ ਵੇਲੇ ਆਮ ਪ੍ਰਚੱਲਤ ਸਨ–ਮਿਲਵਰਤਨੀਏ ਤੇ ਨਾ-ਮਿਲਵਰਤਨੀਏ ।

**ਮਿਲਵਰਤਨੀਏ**–ਉਹ ਸਨ ਜੋ ਸਰਕਾਰ ਦਾ ਵਿਰੋਧ ਨਹੀਂ ਸਨ ਕਰਦੇ, ਆਪਣਾ ਕੰਮ ਲਿਫ-ਲਿਫਾ ਤੇ ਰਸ-ਰਸਾ ਨਾਲ ਕੱਢ ਲੈਂਦੇ ਸਨ । ਸਰਕਾਰ ਇਨ੍ਹਾਂ ਦੇ ਖਤੇ (ਖਹਿੜੇ) ਵੀ ਬਹੁਤ ਨਹੀਂ ਸੀ ਪੈਂਦੀ । ਇਨ੍ਹਾਂ ਵਿਚੋਂ ਜੋ ਮੁਗਲ ਸਰਕਾਰ ਦੀ ਚਾਕਰੀ ਵੀ ਕਰਨ ਲੱਗ ਪਏ ਸਨ, ਉਨ੍ਹਾਂ ਨੂੰ ਦੂਜੀ ਧਿਰ "ਚਕਰੈਲ" ਕਿਹਾ ਕਰਦੀ ਸੀ । ਮਿਲਵਰਤਨੀਏ ਵਾਹੀ ਜਾਂ ਨਿੱਕਾ ਮੋਟਾ ਕਾਰੋਬਾਰ ਕਰਦੇ ਸਨ ।

**ਨਾ ਮਿਲਵਰਤਨੀਏ**–ਉਹ ਸਨ ਜਿਨ੍ਹਾਂ ਦਾ ਸਰਕਾਰ ਨਾਲ ਡਾਢਾ ਅਜੋੜ ਸੀ ਤੇ ਸਦਾ ਸਨੱਧ-ਬੱਧ ਹੋ ਕੇ ਸਰਕਾਰ ਦੀ ਜ਼ੁਲਮੀ ਨੀਤੀ ਦਾ ਸ਼ਸਤ੍ਰੀ ਟਾਕਰਾ ਕਰਦੇ ਸਨ । ਇਹ ਰਾਠ ਸਿੰਘ, ਅਮੀਰ ਖਾਲਸਾ, ਆਜ਼ਾਦ ਖਾਲਸਾ ਜਾਂ ਤੇਗ ਖਾਲਸਾ ਅਖਵਾਉਂਦੇ ਸਨ ।

ਮਿਲਵਰਤਨੀਆਂ ਦਾ ਭਾਵੇਂ ਸਰਕਾਰ ਨਾਲ ਸੰਬੰਧ ਚੰਗਾ ਸੀ, ਪਰ ਰਾਠ ਸਿੰਘਾਂ ਨਾਲ ਵੀ ਕੋਈ ਅਜੋੜ ਵਾਲੀ ਗੱਲ ਨਹੀਂ ਸੀ । ਸੁਬੇਗ ਸਿੰਘ, ਢਿਲੋਂ ਲਾਲ ਲੰਗਾਹੇ ਦੀ ਔਲਾਦ ਭਾਵੇਂ ਸਰਕਾਰ ਦੇ ਸਹਾਇਕ ਸਨ ਤੇ ਇਨ੍ਹਾਂ ਦੇ ਸਮੇਂ ਅਸਲਮ ਖਾਨ, ਜ਼ਬਰਦਸਤ ਖਾਨ, ਦਲੇਰ ਜੰਗ ਖਾਨ ਬਹਾਦਰ ਆਦਿ ਦੇ ਹੁਕਮਾਂ ਨਾਲ ਸਿੰਘਾਂ ਦੀ ਕਤਲਾਮ ਹੁੰਦੀ ਸੀ ਤੇ ਇਹ ਸਭ ਕੁਝ ਇਨ੍ਹਾਂ ਦੀਆਂ ਅੱਖਾਂ ਸਾਮ੍ਹਣੇ ਹੀ ਹੁੰਦਾ ਸੀ । ਪਰ ਰਾਠ ਸਿੰਘਾਂ ਨੇ ਮਿਲਵਰਤਨੀਏ ਸਿੰਘਾਂ ਉਤੇ ਕਦੀ ਕੋਈ ਸਖ਼ਤੀ ਨਹੀਂ ਸੀ ਕੀਤੀ । ਮਿਲਵਰਤਨੀਏ ਵੀ ਸਿੱਖੀ ਪੱਖੋਂ ਕੱਚੇ ਨਹੀਂ ਸਨ । ਭਾਈ ਸੁਬੇਗ ਸਿੰਘ ਮੁਗਲਾਂ ਦੀ ਚਾਕਰੀ ਵਿਚ ਬੁੱਢੇ ਹੋ ਗਏ ਸਨ, ਪਰ ਜਦ ਸਿੱਖੀ ਦੀ ਆਨ ਦਾ ਸੁਆਲ ਆਇਆ, ਪਿਉ ਪੁੱਤ ਬਾਕੀ ਸੱਚੇ ਸਿੰਘਾਂ ਵਾਂਗ ਹੀ ਸ਼ਹੀਦ ਹੋ ਗਏ ।

ਮਿਲਵਰਤਨੀਆਂ ਵਿਚ ਕਿਤੇ ਕਿਤੇ ਨਾ-ਮਿਲਵਰਤਨੀਆਂ ਦੀਆਂ ਗੁਝੀਆਂ ਠਾਹਰਾਂ ਵੀ ਹੁੰਦੀਆਂ ਸਨ । ਰਾਠ ਸਿੰਘਾਂ ਨੂੰ ਛੋਟੇ-ਅਫ਼ਸਰ ਫੌਜ ਦੇ ਗਸ਼ਤੀ ਕਾਲਮ ਤੇ ਇਲਾਕੇ ਦੇ ਚੋਧਰੀ ਪਿੰਡਾਂ ਵਿਚ ਨਹੀਂ ਸਨ ਰਹਿਣ ਦੇਂਦੇ । ਉਹ ਜੰਗਲਾਂ, ਬੇਲਿਆਂ, ਛੰਭਾਂ, ਝਲਾਂ ਤੇ ਹੋਰ ਓਬੜ ਖੋਬੜ ਥਾਵਾਂ ਤੇ ਹੀ ਰਹਿੰਦੇ ਸਨ । ਮੌਕਿਆ ਮਿਲਣ ਤੇ ਆਪਣੇ ਜੰਗਲਾਂ ਬੇਲਿਆਂ ਵਾਲੇ ਘੁਰਨਿਆਂ ਚੋਂ ਨਿਕਲ ਕੇ ਸ਼ਾਹੀ ਫੌਜ ਦਿਆਂ ਦਸਤਿਆਂ, ਸਰਕਾਰੀ ਖ਼ਜ਼ਾਨਾ ਲਈ ਜਾਣ ਵਾਲੀਆਂ ਗਾਰਦਾਂ ਜਾਂ ਸਰਕਾਰ ਦੇ ਅਨੁਯਾਈ ਚੌਧਰੀਆਂ ਦੀ ਸੁਖ ਸਾਂਦ ਪੁਛਣ ਤੇ ਆਪਣੀ ਦਸਣ ਆਉਂਦੇ ਤੇ ਜੇ ਸਮਾਂ ਮਿਲ ਜਾਏ ਤਾਂ ਆਪਣੀਆਂ ਇਹ ਠਾਹਰਾਂ ਵੀ ਭੰਨ ਜਾਂਦੇ ਤੇ ਰਾਤ ਦੀ ਰਾਤ ਮੰਜਿਆਂ ਤੇ ਪੈ ਕੇ ਸੌਣ ਦਾ ਅਨੰਦ ਮਾਣ ਕੇ ਦਿਨੇ ਕਿਸੇ ਹੋਰਸ ਮਾਰ ਤੇ ਜਾ ਝਪਟਦੇ ।



www.AKJ.Org

ਸਿੱਖੀ ਇਕ ਜੀਵਨ-ਜਾਚ ਹੈ ਤੇ ਇਸ ਦਾ ਧੁਰਾ ਧਰਮ ਹੈ। ਸਿੱਖੀ ਵਿਚ ਧਰਮ ਸਰਵ-ਸ੍ਰੇਸ਼ਟ ਹੈ। ਜਦ ਵੀ ਧਰਮ ਤੇ ਆਂਚ ਆਉਂਦੀ ਦਿਸੇਗੀ ਤਾਂ ਨਰਮ ਤੋਂ ਨਰਮ ਸਿਖ ਵੀ ਸਨਮੁਖ ਹੋ ਕੇ ਕੁਰਬਾਨੀ ਦੇਣ ਲਈ ਤਿਆਰ ਹੋ ਜਾਵੇਗਾ। ਮਿਲਵਰਤਨ ਜਾਂ ਨਾ-ਮਿਲਵਰਤਨ ਇਹ ਦੁਨੀਆਦਾਰੀ ਦੀਆਂ ਰਮਜ਼ਾਂ ਹਨ। ਜਿਥੇ ਦੁਨੀਆਦਾਰੀ ਦਾ ਸੰਬੰਧ ਹੈ ਉਥੇ ਇਕ ਸਿਖ ਨਾ-ਮਿਲਵਰਨੀਆ ਹੈ ਤੇ ਦੂਜਾ ਨਾ-ਮਿਲਵਰਤਨੀਆ। ਪਰ ਜਦ ਧਰਮ ਦੀ ਆਣ ਬਣੇ, ਉਥੇ ਮਿਲਵਰਤਨੀਆ ਕੀ ਤੇ ਨਾ-ਮਿਲਵਰਤਨੀਆ ਕੀ, ਦੋਵੇਂ ਹੀ ਕੁਰਬਾਨੀ ਲਈ ਪਹਿਲ ਨੂੰ ਕਾਹਲੇ ਹਨ। ਭਾਈ ਤਾਰਾ ਸਿੰਘ ਦਾ ਜੀਵਨ ਇਕ ਆਦਰਸ਼ਕ ਜੀਵਨ ਹੈ। ਉਹ ਕੀ ਸਨ ਤੇ ਕੀ ਨਹੀਂ ਸਨ· ਇਹ ਫ਼ੈਸਲਾ ਸੂਝਵਾਨ ਪਾਠਕ ਆਪ ਹੀ ਕਰਨ। ਦਾਸ ਨੇ ਤਾਂ ਸਿਰਫ਼ ਤੱਥ ਹੀ ਉਜਾਗਰ ਕਰਨੇ ਹਨ।

ਨੋਟ (੨) **ਪੰਜਾਬ ਤੇ ਮਾਝਾ**—ਹਿੰਦੁਸਤਾਨ ਦੇ ਸੂਬਿਆਂ (ਪ੍ਰਾਂਤਿਕ ਖੰਡਾਂ) ਵਿਚੋਂ ਪੰਜਾਬ ਦੀ ਨਿਵੇਕਲੀ ਹੀ ਨੁਹਾਰ ਹੈ। ਕੁਦਰਤ ਇਸ ਉਤੇ ਖ਼ਾਸੀ ਮਿਹਰਬਾਨ ਜਾਪਦੀ ਹੈ। ਇਸ ਦੀ ਧਰਤੀ ਪੱਧਰੀ ਤੇ ਬੜੀ ਉਪਜਾਊ ਹੈ। ਇਸ ਦੇ ਪੰਜੇ ਦਰਿਆ ਹੱਥ ਦੀਆਂ ਪੰਜਾਂ ਉਂਗਲਾਂ ਵਾਂਗ ਖਿਲਰ ਕੇ ਸਾਰਾ ਸਾਲ ਵਗਣ ਵਾਲੇ ਹਨ। ਉੱਤਰ ਵੱਲ ਅਮੁੱਕ ਕੁਦਰਤੀ ਖਜ਼ਾਨਿਆਂ ਨਾਲ ਮਾਲਾ ਮਾਲ ਦੁਨੀਆ ਭਰ ਚੋਂ ਉਚਾ ਹਿਮਾਲੀਆ ਪਹਾੜ, ਜੋ ਦੁਸ਼ਮਣਾਂ ਦਾ ਵੀ ਤੇ ਤਿੱਬਤ ਦੀਆਂ ਠੰਡੀਆਂ ਹਵਾਵਾਂ ਦਾ ਵੀ ਰਾਹ ਰੋਕੀ ਖੜਾ ਹੈ, ਇਸ ਲਈ ਕੁਦਰਤ ਦੀ ਬੜੀ ਵੱਡੀ ਬਖਸ਼ਿਸ਼ ਹੈ। ਪੰਜਾਬ ਦੇ ਪੌਣ ਪਾਣੀ ਨੂੰ ਸੁਖਾਵਾਂ ਨਹੀਂ ਕਿਹਾ ਜਾ ਸਕਦਾ। ਗਰਮੀਆਂ ਵਿਚ ਅਤੀ ਗਰਮ ਤੇ ਸਰਦੀਆਂ ਵਿਚ ਬੇਹਦ ਠੰਡਾ ਹੈ। ਸੋ ਇਸ ਦੇ ਅਤੀ ਗਰਮ ਤੇ ਠੰਡੇ ਪੌਣ ਪਾਣੀ ਦੀ ਹੀ ਦੇਣ ਹੈ ਕਿ ਇਸ ਦੇ ਵਾਸੀ ਬੜੇ ਹਾਠੇ ਤੇ ਸਖ਼ਤ ਮੁਸੀਬਤਾਂ ਦਾ ਟਾਕਰਾ ਕਰਨ ਵਾਲੇ ਹਨ। ਲੰਮੇ ਤੇ ਭਰਵੇਂ ਸਡੌਲ ਸ੍ਰੀਰ, ਉਭਰਵੇਂ ਚੋੜੇ ਮੱਥੇ, ਚੌੜੀਆਂ ਚਕਲੀਆਂ ਪੁੜਾਂ ਵਰਗੀਆਂ ਛਾਤੀਆਂ ਅਤੇ ਚਾਲ ਢਾਲ ਤੇ ਵਿਹਾਰ ਵਿਚ ਮਰਦਾਨਗੀ ਦੀ ਟਹਿਕ ਕੁਦਰਤ ਵਲੋਂ ਪੰਜਾਬੀਆਂ ਨੂੰ ਉਚੇਚੀ ਦੇਣ ਹੈ। ਮੁਸ਼ਕਲ ਤੋਂ ਮੁਸ਼ਕਲ ਕੰਮ ਨੂੰ ਕਰੜਾ ਹੱਥ ਪਾਉਣਾ ਇਹ ਚੰਗਾ ਜਾਣਦੇ ਹਨ। ਜਾਨ ਜੋਖਮ ਵਿਚ ਪਾ ਕੇ ਇਨ੍ਹਾਂ ਨੂੰ ਡਾਢਾ ਸੁਆਦ ਆਉਂਦਾ ਹੈ। ਨਵੇਂ ਸੂਰਜ ਨਿਤ ਨਵੀਆਂ ਮੁਹਿੰਮਾਂ ਇਨ੍ਹਾਂ ਦਾ ਮਨ-ਪਰਚਾਵਾ ਹੈ।———'ਪੰਜਾਬ ਸ਼ਾਹਸਵਾਰਾਂ ਦਾ ਪਿੜ ਹੈ। ਦਿਲੀ ਦੇ ਤਖ਼ਤ ਉਤੇ ਚੈਨ ਨਾਲ ਉਹੋ ਹੀ ਟਿਕ ਸਕਿਆ ਜਿਸ ਨੇ ਪੰਜਾਬ ਨੂੰ ਕਾਬੂ ਵਿਚ ਰਖਿਆ। ਸਾਰੇ ਭਾਰਤ-ਵਰਸ਼ ਨੂੰ ਗ਼ੁਲਾਮੀ ਦਿਆਂ ਸੰਗਲਾਂ ਵਿਚ ਜਕੜ ਲੈਣ ਵਾਲੇ ਅੰਗ੍ਰੇਜ਼ (ਜਿਨ੍ਹਾਂ ਦੇ ਰਾਜ ਵਿਚ ਕਦੇ ਸੂਰਜ ਛੁਪਦਾ ਹੀ ਨਹੀਂ ਸੀ) ਓਨਾ ਚਿਰ ਚੈਨ ਦੀ ਨੀਂਦ ਨਾ ਸੌਂ ਸਕੇ ਜਿੰਨਾ ਚਿਰ ਆਪਣੀ ਮੱਕਾਰੀ ਤੇ ਅਕਿਰਤਘਣਤਾ ਨਾਲ ਆਪਣੇ ਦਿਆਲੂ ਤੇ ਸੱਚੇ ਮਿੱਤਰ ਦਾ ਸਿਵਾ ਠੰਡਾ ਹੋਣ ਤੋਂ ਪਹਿਲੋਂ ਹੀ ਉਸ ਦੇ ਮਾਸੂਮ ਬੱਚੇ ਤੋਂ ਪੰਜਾਬ ਹੜੱਪ ਨਾ ਲਿਆ। ਪਰ ਪੰਜਾਬੀਆਂ ਨੇ ਅੰਗ੍ਰੇਜ਼ਾਂ ਨੂੰ ੯੮ ਸਾਲਾਂ ਵਿਚ ਕਦੇ ਵੀ ਨਿਸਲੀਆਂ ਕਰਕੇ (ਅਰਾਮ ਨਾਲ ਲੱਤਾਂ ਪਸਾਰ ਕੇ) ਪੈਣ ਨਹੀਂ ਸੀ ਦਿਤਾ। ਅੰਗ੍ਰੇਜ਼ਾਂ ਨੂੰ ਪੰਜਾਬੀਆਂ ਨੇ ਦੋ ਵਾਰ ਹੱਥ ਵਿਖਾਏ ਸਨ: ਪਹਿਲਾਂ ਜਦ ਉਨ੍ਹਾਂ ਦੇ ਵਿਰੁਧ ਲੜੇ ਤੇ ਦੂਜੀ ਵਾਰ (ਦੋਹਾਂ ਸੰਸਾਰ-ਯੁਧਾਂ ਵਿਚ) ਜਦ ਉਨ੍ਹਾਂ ਵਲੋਂ ਹੋ ਕੇ ਲੜੇ। ਅੰਗ੍ਰੇਜ਼ਾਂ ਵਿਚ ਚੇਤਾ ਰਖਣ ਦੀ ਸ਼ਕਤੀ, ਪਰਖਣ ਦੀ ਜਾਚ ਤੇ ਇਖ਼ਲਾਕ ਦੇ ਕੁਝ ਗੁਣ ਅਜੇ ਬਾਕੀ ਹਨ। ਪੀੜ੍ਹੀਉਂ ਪੀੜ੍ਹੀ ਨਾ ਭੁਲਣਗੇ, ਜੋ ਜਲਵੇ ਪੰਜਾਬੀਆਂ ਨੇ ਇਨ੍ਹਾਂ ਨੂੰ ਵਿਖਾ ਛੱਡੇ ਹਨ। ਪੰਜਾਬੀ ਭਾਰਤ ਦੀ ਰੀੜ੍ਹ ਦੀ ਹੱਡੀ ਹਨ। ਪੰਜਾਬ ਭਾਰਤ ਦੀ ਸ਼ਕਤੀ ਦਾ ਪ੍ਰਤੀਕ ਹੈ।

**ਮਾਝਾ**—ਪੰਜਾਬ ਵਿਚ ਮਾਝੇ ਦੇ ਇਲਾਕੇ ਨੂੰ ਉਹੀ ਅਸਥਾਨ ਹਾਸਿਲ ਹੈ ਜੋ ਭਾਰਤ ਵਿਚ ਪੰਜਾਬ ਨੂੰ। ਇਸ ਦੀ ਹਦਬੰਦੀ ਦਾ ਪਹਿਲਾਂ ਜ਼ਿਕਰ ਆ ਚੁਕਿਆ ਹੈ। ਪੰਜਾਬ ਵਿਚ ਇਸ ਦੀ ਪਦਵੀ ਅੰਗੂਠੀ ਵਿਚ ਜੜੇ ਹੀਰੇ ਵਰਗੀ ਹੈ। ਮਾਝਾ ਸੂਰਮਿਆਂ ਦੀ ਜੂਹ ਹੈ। ਇਨ੍ਹਾਂ ਲੋਕਾਂ ਨੇ ਅਜ ਤਕ ਕਿਸੇ ਦੀ ਆਕੜ ਤੇ ਟੈਂ ਨਹੀਂ ਮੰਨੀ ਤੇ ਨਾ ਹੀ ਕਿਸੇ ਨੂੰ ਤੜ੍ਹ ਮਾਰਨ ਦਿਤੀ। ਪੱਛਮ ਵਲੋਂ ਸਿਕੰਦਰ ਤੋਂ ਲੈ ਕੇ ਸ਼ਾਹ ਜ਼ੁਮਾਨ ਤਕ ਜਿੰਨੇ ਵੀ ਵੱਡੇ



www.AKJ.Org

ਵੱਡੇ ਧਾੜਵੀ ਆਏ, ਇਥੇ ਟਿਕ ਨਾ ਸਕੇ ।

ਮਾਝੇ ਦੀ ਧਰਤੀ ਨਿਤ ਦੇ ਜੰਗਾਂ ਯੁਧਾਂ ਦਾ ਭਖਦਾ ਭੱਠ ਬਣਿਆ ਰਿਹਾ। ਮਝੈਲਾਂ ਨੂੰ ਨਸਲ-ਦਰ-ਨਸਲ ਜੰਗਾਂ ਯੁਧਾਂ ਨੇ ਪੁੱਠ ਚਾੜ੍ਹੀ ਹੈ। ਖੰਘੂਰਾ ਮਾਰ ਕੇ ਜਾਂ ਹੈਂਕੜ ਵਿਖਾ ਕੇ ਕੋਈ ਜਰਵਾਣਾ ਇਧਰ ਦੀ ਸੁੱਕਾ ਤੇ ਸੁਖੀ-ਸਾਂਦੀ ਲੰਘ ਗਿਆ ਹੋਵੇ, ਇਤਿਹਾਸ ਵਿਚ ਇਕ ਵੀ ਮਿਸਾਲ ਨਹੀਂ ਮਿਲਦੀ। ਜਿਸ ਨੇ ਮਾਝੇ ਨੂੰ ਕਾਬੂ ਕਰ ਲਿਆ, ਸਮਝੋ ਪੰਜਾਬ ਦਾ ਮਾਲਿਕ ਹੋ ਗਿਆ।

ਮਝੈਲਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਫ਼ੌਜਾਂ ਵਿਚ ਸ਼ਾਮਲ ਹੋ ਕੇ ਮੁਗਲ ਫ਼ੌਜਾਂ ਨੂੰ ਦਮੋਂ ਕਢ ਛੱਡਿਆ। ਦਸਮੇਸ਼ ਜੀ ਦੇ ਖੰਡੇ ਬਾਟੇ ਦੇ ਅੰਮ੍ਰਿਤ ਨੇ ਇਨ੍ਹਾਂ ਦਿਆਂ ਜੰਗੀ ਜੌਹਰਾਂ ਨੂੰ ਨਿਖਾਰ ਕੇ ਖਾਲਸੇ ਨੂੰ ਦੇਸ਼ ਦਾ ਅਜਿੱਤ ਰਾਖਾ ਬਣਾ ਦਿਤਾ, ਜੋ ਇਕ ਫ਼ੌਲਾਦੀ ਚਟਾਨ ਸਿਧ ਹੋਇਆ ਤੇ ਪਛਮ ਵਲੋਂ ਉਠ ਕੇ, ਹਿੰਦੁਸਤਾਨ ਤੇ ਚੜ੍ਹ ਆਉਣ ਵਾਲੇ ਧਾੜਵੀਆਂ ਦੀਆਂ ਲਹਿਰਾਂ ਇਸ ਨਾਲ ਟਕਰਾ ਕੇ ਸਿਰ ਭੰਨਾ ਕੇ ਵਾਪਸ ਮੁੜਦੀਆਂ ਰਹੀਆਂ।

ਇਸ ਮਾਝੇ ਦੀ ਧਰਤੀ ਨੇ, ਜਿਸ ਨੂੰ ਪਹਿਲੀਆਂ ਨੌਂ ਪਾਤਸ਼ਾਹੀਆਂ ਨੇ ਆਪਣੀ ਪਾਵਨ-ਚਰਨ-ਛੁਹ ਨਾਲ ਪਵਿਤਰ ਕੀਤਾ ਤੇ ਜਿਸ ਉਤੇ ਸਿੱਖੀ ਦਾ ਮਹਾਨ ਕੇਂਦਰ ਸਸ਼ੋਭਤ ਹੈ, ਨੇ ਬੜੇ ਬਲਵਾਨ ਤੇ ਧਰਮਬੀਰ ਯੋਧੇ ਪੈਦਾ ਕੀਤੇ ਹਨ। ਜਿਵੇਂ ਬਾਬਾ ਬੁੱਢਾ ਜੀ, ਭਾਈ ਬਿਧੀ ਚੰਦ ਛੀਨਾ (ਸੁਰ ਸਿੰਘ ਵਾਲੇ), ਭਾਈ ਜੇਠਾ ਜਿਧਵਾਂ, ਸ਼ੀਹਾਂ ਭਲਣ, ਭਾਈ ਦਯਾ ਸਿੰਘ, ਮਾਤਾ ਭਾਗੋ, ਭਾਈ ਮਹਾਂ ਸਿੰਘ ਭਾਈ ਬਾਜ ਸਿੰਘ ਮੀਰ ਪੁਰ, ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਭਾਈ ਮੀਰੀ ਸਿੰਘ, ਬਾਬਾ ਨੌਧ ਸਿੰਘ, ਦੀਵਾਨ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਬਾਬਾ ਦੀਪ ਸਿੰਘ, ਬਾਬਾ ਤਾਰਾ ਸਿੰਘ ਡਲ "ਵਾਂ", ਭਾਈ ਅਮਰ ਸਿੰਘ, ਭਾਈ ਬਘੇਲ ਸਿੰਘ, ਭਾਈ ਸੂਰਾ ਸਿੰਘ, ਭਾਈ ਅਹਾਤਾ ਸਿੰਘ, ਭਾਈ ਭੀਮ ਸਿੰਘ, ਭਾਈ ਬਾਦਲ ਸਿੰਘ, ਭਾਈ ਕੋਇਰ ਸਿੰਘ, ਭਾਈ ਵਧਾਵਾ ਸਿੰਘ, ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ, ਭਾਈ ਤਾਰੂ ਸਿੰਘ ਪੂਹਲਾ, ਭਾਈ ਸੁਖਾ ਸਿੰਘ ਮਾੜੀ ਕੰਬੋਕੀ, ਭਾਈ ਮਹਿਤਾਬ ਸਿੰਘ ਮੀਰਾਂ ਕੋਟੀਆ, ਸ: ਜੱਸਾ ਸਿੰਘ ਰਾਮਗੜ੍ਹੀਆ ਈਚੋ ਗਿਲ, ਸ: ਜੈ ਸਿੰਘ ਕਾਹਨੀਆ, ਸ: ਹਰੀ ਸਿੰਘ ਭੰਗੀ, ਸ: ਗੰਡਾ ਸਿੰਘ ਭੰਗੀ, ਸ: ਗੁਜਰ ਸਿੰਘ ਭੰਗੀ, ਸ: ਲਹਿਣਾ ਸਿੰਘ ਭੰਗੀ, ਸ: ਬਘੇਲ ਸਿੰਘ ਭੰਗੀ ਆਦਿ ਐਵੇਂ ਟੂਕ ਮਾਤਰ ਕੁਝ ਕੁ ਨਾਮ ਹਨ। ਇਹ ਲਿਸਟ ਬਹੁਤ ਲੰਮੀ ਹੈ। ਅਨੰਦਪੁਰ ਸਾਹਿਬ, ਚਮਕੌਰ ਸਾਹਿਬ ਤੇ ਮੁਕਤਸਰ ਸਾਹਿਬ ਦਿਆਂ ਯੁਧਾਂ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਮ ਨਹੀਂ ਲਿਖੇ ਗਏ। ਸਿਰਫ ਮਾਤਾ ਭਾਗੋ ਤੇ ਮਹਾਂ ਸਿੰਘ ਦਾ ਹੀ ਜ਼ਿਕਰ ਕੀਤਾ ਹੈ। ਓਹ ਬੇਓੜਕ ਮਾਤਾਵਾਂ, ਬੀਬੀਆਂ ਤੇ ਸ਼ੀਰ-ਖ਼ੋਰ ਬੱਚੇ, ਜਵਾਨ ਤੇ ਬਿਰਧ, ਜੋ ਜ਼ਬਰਦਸਤ ਖਾਨ, ਅਬਦੁਲ ਸਮੱਦ ਖਾਨ ਦਲੇਰੇ ਜੰਗ, ਫ਼ਰਖ਼ਸੀਅਰ, ਜ਼ਕਰੀਆ ਖਾਨ (ਖਾਨ ਬਹਾਦਰ), ਅਸਲਮ ਖਾਨ, ਯਾਹੀਆ ਖਾਨ, ਸ਼ਾਹ ਨਿਵਾਜ਼, ਜਸਪਤ, ਲਖਪਤ ਤੇ ਮੀਰ ਮਨੂੰ ਦਿਆਂ ਤਸੀਹਿਆਂ ਨੂੰ ਖਿੜੇ ਮੱਥੇ ਝਲਦੇ ਹੋਏ ਸਿਖ ਧਰਮ ਦੀ ਆਨ ਤੋਂ ਕੁਰਬਾਨ ਹੋ ਗਏ ਤੇ ਜਿਨ੍ਹਾਂ ਦੇ ਨਾਵਾ ਦਾ ਵੀ ਸਾਨੂੰ ਪਤਾ ਨਹੀਂ ਰਿਹਾ, ਇਸ ਮਾਝੇ ਦੀ ਹੀ ਧਰਤੀ ਦੇ ਜੰਮ-ਪਲ ਸਨ। ਇਹ ਅੱਤਕਥਨੀ ਨਹੀਂ ਹੋਵੇਗੀ ਜੇ ਇੰਜ ਕਹਿ ਲਿਆ ਜਾਵੇ ਕਿ ਖਾਲਸਾ ਪੰਥ ਆਪਣੇ ਦੋਵੇਂ ਵੇਲਿਆਂ ਦੀ ਅਰਦਾਸ ਵਿਚ ਜਿਨ੍ਹਾਂ ਧਰਮ ਤੇ ਦੇਸ਼ ਹੇਤ ਸੀਸ ਦੇਣ ਵਾਲੇ ਸ਼ਹੀਦਾਂ ਸਿੰਘਾਂ ਸਿੰਘਣੀਆਂ ਬੱਚਿਆਂ ਤੇ ਬਿਰਧਾਂ ਨੂੰ ਯਾਦ ਕਰਦਾ ਹੋਇਆ ਮਾਨਸਿਕ ਬਲ ਤੇ ਅਥਾਹ ਰੋਹ ਨਾਲ ਭਰ ਜਾਂਦਾ ਹੈ, ਉਨ੍ਹਾਂ ਯਾਦ ਕੀਤੇ ਜਾਣ ਵਾਲਿਆਂ ਵਿਚੋਂ ਬਹੁਤੇ ਮਾਝੇ ਦੀ ਗੋਦ ਵਿਚ ਹੀ ਜੰਮ ਪਲ ਕੇ ਪਰਵਾਨ ਚੜ੍ਹੇ ਸਨ।

ਭਾਈ ਤਾਰਾ ਸਿੰਘ "ਵਾਂ" ਵਾਲੇ, ਜਿਨ੍ਹਾਂ ਦੇ ਸ਼ਹੀਦੀ ਸਾਕੇ ਦਾ ਜ਼ਿਕਰ ਇਸ ਲੇਖ ਵਿਚ ਕੀਤਾ ਜਾ ਰਿਹਾ ਹੈ, ਉਹ ਵੀ ਇਸੇ ਸੂਰਮਿਆਂ ਦੇ ਖਿੱਤੇ ਵਿਚ ਪੈਦਾ ਹੋਏ ਸਨ। ਸੂਰਮਿਆਂ ਨੂੰ ਅਣਖ ਦੀ ਆਨ ਹੁੰਦੀ ਹੈ, ਸੋ ਇਹ ਆਪਣੇ ਸਾਥੀਆਂ ਸਮੇਤ ਸਿਰ ਨਾਲ ਨਿਭਾ ਗਏ।

—ਸਵਰਨ ਸਿੰਘ



www.AKJ.Org

# ਰੱਬ ਦੇ ਸ਼ਰੀਕ

[ਸ: ਸੰਤਾ ਸਿੰਘ ਜੀ ਆਜਿਜ਼, ੨੯–ਸੀ, ਊਧਮ ਸਿੰਘ ਨਗਰ, ਲੁਧਿਆਣਾ]

ਸ੍ਰੀ ਹਜ਼ੂਰ ਸਾਹਿਬ ਜੀ ਦੀ ਪਵਿਤਰ ਯਾਤਰਾ ਲਈ ਸਾਡੀ ਬਸ ਗੁਰੂ ਦਸਮੇਸ਼ ਗੁਰਦਵਾਰੇ ਤੋਂ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰ ਕੇ, ਪਵਿਤਰ ਹੁਕਮਨਾਮਾ ਸੁਣ ਕੇ, ਪਰਸ਼ਾਦ ਲੈ ਕੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਵਿਚ ਆਪਣੀ ਮਨਜ਼ਿਲ ਵਲ ਤੁਰ ਪਈ। ਦਿਲੀ ਤੋਂ ਇਕ ਹੋਰ ਯਾਤਰੂ ਬਸ, ਇਕ ਜੀਪ ਤੇ ਇਕ ਕਾਰ ਸਾਡੀ ਬਸ ਨਾਲ ਸ਼ਾਮਿਲ ਹੋ ਗਈਆਂ। ਬਸ ਵਿਚ ਤਾਂ ਗੁਰਸਿਖ ਯਾਤਰੂ ਸਵਾਰ ਸਨ ਪਰ ਜੀਪ ਵਿਚ ਪਹਿਲਵਾਨ ਟਾਈਪ ਦੇ ਖ਼ੂਬ ਹਟੇ ਕਟੇ ਸ਼ਸਤਰਧਾਰੀ ਜਵਾਨ ਡਟੇ ਹੋਏ ਸਨ, ਤੇ ਉਸ ਬਦੇਸ਼ੀ ਕਾਰ, ਜੋ ਕਿ ਏਅਰ-ਕੰਡੀਸ਼ਨ ਤੇ ਰੇਸ਼ਮੀ ਪਰਦਿਆਂ ਨਾਲ ਸ਼ਿੰਗਾਰੀ ਹੋਈ ਸੀ, ਵਿਚ ਇਕ ਪੂਜਯ ਹਸਤੀ ਬਿਰਾਜਮਾਨ ਸੀ, ਜਿਨ੍ਹਾਂ ਨੂੰ ਉਹਨਾਂ ਦੇ ਸਾਥੀ ਸੰਤ ਜੀ ਮਹਾਰਾਜ ਕਰ ਕੇ ਸੰਬੋਧਨ ਕਰਦੇ ਸਨ। ਜੀਪ ਕਾਰ ਦੇ ਅਗੇ ਅਗੇ ਤੇ ਬਸ ਪਿਛੇ ਪਿਛੇ ਚਲ ਰਹੀਆਂ ਸਨ। ਜਦ ਸਾਡਾ ਯਾਤਰੂ-ਕਾਫ਼ਲਾ ਦੁਪਹਿਰ ਦੇ ਸਮੇਂ ਉਤਰ ਪਰਦੇਸ ਦੇ ਕਿਸੇ ਵਡੇ ਸ਼ਹਿਰ ਦੇ ਗੁਰਦਵਾਰੇ ਜਾ ਕੇ ਰੁਕਿਆ ਤਾਂ ਗੁਰੂ ਕਾ ਲੰਗਰ ਪਰਬੰਧਕਾਂ ਨੇ ਅਗਾਊਂ ਇਤਲਾਹ ਦੇਣ ਤੇ ਤਿਅ ਰ ਕਰ ਰਖਿਆ ਸੀ। ਸਾਰੀ ਸੰਗਤ ਨੇ ਲੰਗਰ ਅਸਥਾਨ ਚਿ ਪੰਗਤ ਵਿਚ ਸਜ ਕੇ ਧੰਨ ਵਾਹਿਗੁਰੂ ਧੰਨ ਸਤਿਗੁਰੂ ਦੀ ਧੁਨੀ ਲਾਉਂਦਿਆਂ ਪ੍ਰੇਮ ਨਾਲ ਲੰਗਰ ਛਕਿਆ, ਪਰ ਸੰਤਾਂ ਨੂੰ ਉਹਨਾਂ ਖ਼ਾਸ ਅਸਥਾਨ ਤੇ ਲਿਜਾ ਕੇ ਉਚੇਚਾ ਤਿਆਰ ਕੀਤਾ ਵਧੀਆ ਭੋਜਨ ਛਕਾਇਆ। ਇਸ ਤੋਂ ਬਾਅਦ ਅੱਧੇ ਘੰਟੇ ਵਾਸਤੇ ਗੁਰਦਵਾਰੇ ਦੇ ਹਾਲ ਵਿਚ ਕੀਰਤਨ ਦਾ ਰਸ ਮਾਨਣ ਲਈ ਸੰਗਤਾਂ ਤੁਰ ਪਈਆਂ। ਅਜੇ ਦੋ ਚਾਰ ਯਾਤਰੂ ਹੀ ਹਾਲ ਵਿਚ ਪੁਜੇ ਸਨ ਕਿ ਸੰਤ ਜੀ ਆਪਣੇ ਖ਼ਾਸ ਸ਼ਰਧਾਲੂਆਂ ਤੇ ਅੰਗ-ਰਖਸ਼ਕਾਂ ਨਾਲ ਰੇਸ਼ਮੀ ਲਿਬਾਸ ਵਿਚ ਸਜੇ, ਬੜੀ ਸ਼ਾਨ ਬਾਨ ਨਾਲ ਆਏ। ਅਜੇ ਉਹਨਾਂ ਨੇ ਮਹਾਰਾਜ ਦੀ ਹਜ਼ੂਰੀ ਵਿਚ ਮੱਥਾ ਟੇਕਿਆ ਹੀ ਸੀ ਕਿ ਇਕ ਸ਼ਰਧਾਲੂ ਨੇ ਦੌੜ ਕੇ ਇਕ ਗਦੀ ਲਿਆ ਕੇ ਸੰਤਾਂ ਦੇ ਬੈਠਣ ਲਈ ਐਨ ਮਹਾਰਾਜ ਦੇ ਲਾਗੇ ਲਗਾ ਦਿਤੀ। ਤੇ ਸੰਤ ਜੀ ਉਸ ਤੇ ਸਜ ਗਏ। ਇਕ ਸੇਵਕ ਸੰਤ ਜੀ ਨੂੰ ਪੱਖਾ ਕਰਨ ਲਗ ਪਿਆ। ਫਿਰ ਸੰਤਾਂ ਦੇ ਸ਼ਰਧਾਲੂ ਆਉਣ ਲਗ ਪਏ। ਪਹਿਲਾਂ ਉਹ ਗੁਰੂ ਗਰੰਥ ਸਾਹਿਬ ਜੀ ਅਗੇ ਮੱਥਾ ਟੇਕਦੇ, ਫਿਰ ਸੰਤ ਜੀ ਨੂੰ ਵੀ ਮੱਥਾ ਟੇਕਣ ਉਪਰੰਤ ਅਦਬ ਨਾਲ ਬਹਿ ਜਾਂਦੇ। ਇਹਨਾਂ ਦੀ ਰੀਸੋ ਰੀਸੀ ਸਾਡੀ ਬਸ ਦੇ ਯਾਤਰੀ ਵੀ ਉਹਨਾਂ ਦੀ ਪੈਰਵੀ ਕਰਨ ਲਗ ਪਏ, ਗੁਰੂ ਮਹਾਰਾਜ ਤੇ ਉਹਨਾਂ ਦੇ ਬਰਾਬਰ ਬੈਠੇ ਸੰਤ ਜੀ ਨੂੰ ਮੱਥਾ ਟੇਕਦੇ ਗਏ।

ਮੈਂ ਇਹ ਅਤਿ ਮੰਦੀ ਤੇ ਦੁਖਦਾਈ, ਗੁਰਮਤਿ ਮਰਿਆਦਾ ਦੇ ਵਿਰੁਧ ਹੁੰਦੀ ਕੁਰੀਤੀ ਆਪਣੇ ਨੇਤਰਾਂ ਨਾਲ ਦੇਖ ਰਿਹਾ ਸਾਂ। ਕੋਈ ਵੀ ਇਸ ਮਨਮਤਿ ਕੁਰੀਤੀ ਤੇ ਪਾਖੰਡ ਦਾ ਖੰਡਨ ਨਹੀਂ ਸੀ ਕਰ ਰਿਹਾ। ਗੁਰਦਵਾਰੇ ਦੇ ਪਰਬੰਧਕ ਵੀ ਖ਼ਾਮੋਸ਼ ਸਨ। ਮੈਂ ਹੈਰਾਨ ਸਾਂ ਕਿ ਸਿਖਾਂ ਦੇ ਸਾਹਮਣੇ ਹੀ ਸਿਖਾਂ ਦੇ ਮਹਾਨ ਗੁਰੂ ਦਾ ਅਪਮਾਨ ਹੋ ਰਿਹਾ ਹੈ। ਸੰਤ ਜੀ ਡਟ ਕੇ ਸੀਨਾ ਤਾਣ ਕੇ ਗਦੀ ਤੇ ਬੈਠੇ ਹਨ, ਸੰਗਤਾਂ ਚਰਨ ਛੋਹ ਰਹੀਆਂ ਹਨ, ਸਾਰੇ ਲੋਕਿਲ ਅਤੇ ਯਾਤਰੂ ਸਿਖ ਸ਼ਰਧਾ ਨਾਲ ਸਿਰ ਝੁਕਾਈ ਬੈਠੇ ਹਨ, ਸ਼ੇਰਾਂ ਵਰਗੇ ਅੰਗ-ਰਖਸ਼ਕ ਛਾਤੀਆਂ ਤਾਣ ਕੇ ਸ਼ਸਤਰ ਸਜਾਈ ਤੇ ਤਾਕ ਲਗਾਈ ਬੈਠੇ ਹਨ ਕਿ ਜੇ ਕਿਸੇ ਨੇ ਸੰਤਾਂ ਦੇ ਖ਼ਿਲਾਫ਼ ਕੋਈ ਵੀ ਗੱਲ ਕੀਤੀ ਤਾਂ ਮਿੰਟਾਂ ਵਿਚ ਉਸ ਵਿਰੋਧੀ ਦਾ ਨਾਮੋ ਨਿਸ਼ਾਨ ਇਸ ਜਹਾਨ ਤੋਂ ਮਿਟਾ ਦੇਣਗੇ।

ਇਸ ਅਤਿ ਪਰੇਸ਼ਾਨ ਤੇ ਮੰਦਭਾਗੀ ਜਿਹੀ ਹਾਲਤ ਵਿਚ ਮੈਨੂੰ ਪੰਥ ਦੇ ਵਾਲੀ ਦਾ ਉਹ ਵੇਲਾ ਯਾਦ ਆਇਆ ਜਦੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਖ਼ਾਲੀ ਕਰ ਕੇ ਪੂਜਯ ਮਾਤਾ ਤੇ ਦੋ ਲਾਲ ਗੁਆ ਕੇ, ਰਾਜ ਭਾਗ ਲੁਟਾ ਕੇ, ਸੂਰਮੇ ਸਿੰਘ ਦੇਸ਼ ਤੇ ਧਰਮ ਦੇ ਲੇਖੇ ਲਾ ਕੇ, ਤੇ ਅੰਤ ਚਮਕੌਰ ਸਾਹਿਬ ਦੀ ਗੜ੍ਹੀ ਵਿਚ ਬਾਕੀ ਦੋਵੇਂ ਲਾਲ ਤੇ ਤਮਾਮ ਸਾਥੀ ਜੰਗ ਵਿਚ ਕੁਰਬਾਨ ਕਰਵਾ ਕੇ, ਘਰੋਂ ਬੇਘਰ ਹੋ ਕੇ, ਬੇਸਰੋ ਸਾਮਾਨੀ ਦੀ ਹਾਲਤ ਵਿਚ



www.AKJ.Org

ਲਖਾਂ ਸ਼ਸਤਰ-ਧਾਰੀ ਮੁਗ਼ਲਾਂ ਤੇ ਪਹਾੜੀਆਂ ਨਾਲ ਘਿਰ ਕੇ ਵੀ ਉਹ ਮਰਦ-ਅਗੰਮੜਾ ਜੇ ਲਿਖਦਾ ਹੈ ਤਾਂ "ਜ਼ਫਰਨਾਮਾ" ਹੀ ਲਿਖਦਾ ਹੈ ਤੇ ਜ਼ਾਲਿਮ ਔਰੰਗਜ਼ੇਬ ਨੂੰ ਖਰੀਆਂ ਖਰੀਆਂ ਕਹਿਣ ਦਾ ਜਿਗਰਾ ਰਖਦਾ ਹੈ। ਤੇ ਮੈਂ ਵੀ ਉਸ ਦਾ ਇਕ ਅਦਨਾ ਜਿਹਾ ਸਿੰਘ ਹਾਂ ਤੇ ਅੰਮ੍ਰਿਤਧਾਰੀ ਹਾਂ, ਫਿਰ ਇਹ ਕਾਇਰਤਾ ਕਿਉਂ ! ਬੇਸ਼ਕ ਜਾਨ ਜਾਂਦੀ ਹੈ ਤੇ ਜ਼ਾਵੇ, ਪਰ ਸਿਖੀ ਮਰਿਆਦਾ ਤੇ ਆਂਚ ਕਿਉਂ ਆਵੇ ?

ਇਸ ਖ਼ਿਆਲ ਨੇ ਮੇਰੇ ਢਹਿੰਦੇ ਮਨ ਨੂੰ ਠੁੰਮਣਾ ਦਿਤਾ ਤੇ ਆਖ਼ਰ ਮੈਂ ਦਲੇਰ ਹੋ ਕੇ ਦ੍ਰਿੜ੍ਹ ਨਿਸ਼ਚੇ, ਪਰ ਨਿਮਰਤਾ ਨਾਲ ਸੰਤਾਂ ਨੂੰ ਮੁਖ਼ਾਤਬ ਕੀਤਾ—

"ਸੰਤ ਜੀ, ਇਕ ਬੇਨਤੀ ਹੈ ?"

"ਹੁਕਮ ਕਰੋ ਗੁਰਮੁਖੋ ।"

"ਨਹੀਂ ਜੀ, ਸਿਰਫ਼ ਇਕ ਹੀ ਬੇਨਤੀ ਕਰਨਾ ਚਾਂਹਦਾ ਹਾਂ ?"

"ਨਹੀਂ ਨਹੀਂ, ਹੁਕਮ ਕਰੋ ਤੁਸੀਂ ।"

"ਹੁਕਮ ਨਹੀਂ, ਇਕੋ ਬੇਨਤੀ ਸੰਤ ਜੀ ? '

"ਅਛਾ ਕਹੋ ਜੋ ਕਹਿਣਾ ਚਾਹੁੰਦੇ ਹੋ ਗੁਰਮੁਖੋ ।"

"ਸੰਤ ਜੀ, ਇਹ ਕੀ ਹੋ ਰਿਹਾ ਹੈ ? ਕੀ ਹੋ ਰਿਹਾ ਹੈ ਗੁਰੂ ਕੇ ਸਿੰਘੋ ? ਇਹ ਜੋ ਕੁਝ ਹੋ ਰਿਹਾ ਹੈ, ਕੀ ਇਹ ਠੀਕ ਗੁਰਮਤਿ ਦੇ ਅਨਕੂਲ ਹੈ ? ਕੀ ਤੁਸੀਂ ਰੱਬੀ ਜੋਤਿ ਸ੍ਰੀ ਗੁਰੂ ਗਰੰਥ ਜੀ, ਜੋ ਕਿ ਸਾਖਸ਼ਾਤ ਰੱਬ ਦਾ ਰੂਪ ਹਨ, ਉਹਨਾਂ ਦੇ ਸ਼ਰੀਕ ਬਣਨ ਦੀ ਸਮਰੱਥਾ ਰਖਦੇ ਹੋ ?"

"ਗੁਰਮੁਖੋ, ਅਸੀਂ ਮਹਾਰਾਜ ਰੱਬ ਦੇ ਸਵਰੂਪ ਦੇ ਸ਼ਰੀਕ ਕਿਵੇਂ ਬਣ ਗਏ ?"

"ਬਸ ਦੇ ਯਾਤਰੀ ਪਹਿਲਾਂ ਗੁਰੂ ਸਾਹਿਬ ਨੂੰ ਮੱਥਾ ਟੇਕਦੇ ਤੇ ਫਿਰ ਤੁਹਾਨੂੰ ਵੀ ਟੇਕਦੇ ਹਨ, ਇਹ ਸ਼ਰੀਕਾਂ ਵਾਲੀ ਗੱਲ ਹੋਈ ਕਿ ਨਾ, ਸੰਤ ਜੀ ?"

"ਅਸੀਂ ਕਿਸੇ ਨੂੰ ਕਹਿੰਦੇ ਤੇ ਨਹੀਂ ਕਿ ਕੋਈ ਸਾਨੂੰ ਮੱਥਾ ਟੇਕੇ, ਸੰਗਤ ਆਪੇ ਹੀ ਪਈ ਟੇਕਦੀ ਹੈ ।"

"ਤੁਸੀਂ ਸੰਗਤ ਨੂੰ ਭੀ ਤਾਂ ਨਾ ਨਹੀਂ ਰੋਕਦੇ, ਮੱਥਾ ਟੇਕਣ ਆਇਆਂ ਨੂੰ ਟੋਕਦੇ ਭੀ ਤਾਂ ਨਹੀਂ ।"

ਆਖ਼ਰ ਸੰਤਾਂ ਨੇ ਲਾਚਾਰ ਤੇ ਲਾਜਵਾਬ ਹੋ ਕੇ ਸਾਰੀ ਸੰਗਤ ਨੂੰ ਸਖਤ ਤਾੜਨਾ ਕਰਦਿਆਂ ਹੋਇਆਂ ਕਿਹਾ ਕਿ ਕੇਵਲ ਗੁਰੂ ਮਹਾਰਾਜ ਅਗੇ ਹੀ ਮੱਥਾ ਟੇਕਣਾ ਚਾਹੀਦਾ ਹੈ, ਮੈਂ ਤਾਂ ਆਪ ਗੁਰੂ ਮਹਾਰਾਜ ਦੇ ਦਰ ਦਾ ਕੂਕਰ ਹਾਂ, ਮੈਨੂੰ ਹਰਗਿਜ਼ ਕੋਈ ਮੱਥਾ ਟੇਕਣ ਦੀ ਅਵੱਗਿਆ ਨਾ ਕਰੇ, ਤੇ ਹੋਈਆਂ ਅਵਿਗਆਵਾਂ ਵਾਸਤੇ ਮੈਂ ਗੁਰੂ ਰੂਪ ਸਾਧ ਸੰਗਤ ਤੋਂ ਖਿਮਾ ਯਾਚਨਾ ਕਰਦਾ ਹਾਂ, ਸੰਗਤ ਮੈਨੂੰ ਖਿਮਾ ਕਰੇ ।

ਤੇ ਇਸ ਤੋਂ ਬਾਅਦ ਇਹ ਮਨਮਤਿ ਕਤਈ ਬੰਦ ਹੋ ਗਏ ।

---

# ਬਸ ਹਜ਼ੂਰ ਦੇ ਦਰਸ਼ਨਾਂ ਦੀ ਤਾਂਘ ਰਹੇ

[ਪ੍ਰੋਫੈਸਰ ਪੂਰਨ ਸਿੰਘ ਜੀ]

ਹੇ ਕ੍ਰਿਪਾਲੂ ! ਹੇ ਦਿਆਲੂ ! ਹੇ ਸੂਰਜਾਂ ਦੇ ਸੂਰਜ ! ਹੇ ਮੀਰੀ ਪੀਰੀ ਦੇ ਸਾਈਂ ! ਹੇ ਜੀਵਨਾਂ ਦੇ ਜੀਵਨ ! ਹੇ ਜਗਤ ਦੇ ਰੂਹ ! ਹੇ ਜੋਤਾਂ ਦੀ ਜੋਤੀ ! ਹੇ ਦਿਲਾਂ ਦੇ ਦਿਲ ! ਹੇ ਪ੍ਰਾਣਾਂ ਦੇ ਪ੍ਰਾਣ ! ਹੇ ਮੇਰੇ ਪਾਤਸ਼ਾਹ ! ਹੇ ਅਕਾਲ ਮੂਰਤਿ ! ਹੇ ਨਿਰਵੈਰ ! ਹੇ ਸਤਿਨਾਮ ! ਹੇ ਵਾਹਿਗੁਰੂ ! ਹੇ ਸੰਗੀ ! ਹੇ ਸਹਾਈ ! ਹੇ ਬਖ਼ਸ਼ਿੰਦ ਸੱਚੇ ਸਤਿਗੁਰੂ ! ਹੇ ਸੂਰਜਾਂ ਦੇ ਸਾਈਂ ! ਹੇ ਭੂਤ ਭਵਿਖ ਦੇ ਵਾਲੀ ! ਹੇ ਪਾਤਸ਼ਾਹਾਂ ਦੇ ਪਾਤਸ਼ਾਹ ! ਜਿਸ ਅਗੇ ਜਾਗਦੇ ਬੰਦੇ ਅਰਦਾਸ ਕਰਦੇ ਹਨ, ਫ਼ਕੀਰਾਂ ਦੇ ਘਰ, ਵਤਨ, ਆਸਰਾ, ਬਖ਼ਸ਼ ਲੈ ! ਕੜੀ ਕੁਦਰਤ ਕੀ ਕਰਨੀ ਹੈ, ਬਸ ਹਜ਼ੂਰ ਦੇ ਦਰਸ਼ਨਾਂ ਦੀ ਤਾਂਘ ਰਹੇ । ਹਜ਼ੂਰੀ ਬਖ਼ਸ਼ੋ, ਮਾਇਆ ਪ੍ਰਬਲ ਨਾ ਹੋਵੇ, ਤੁਸੀਂ ਚੰਗੇ ਲਗਦੇ ਰਹੋ ।



www.AKJ.Org

# 'ਜਿਸੁ ਦੇਹਿ ਸੁ ਪਾਵਹੇ'

[ਸ: ਹਰਬੰਸ ਸਿੰਘ ਜੀ ਲਾਇਲਪੁਰੀ, ਜਲੰਧਰ]

ਉਪਰੋਕਤ ਅੱਧੀ ਤੁਕ ਅਨੰਦ ਸਾਹਿਬ ਦੀ ਤੀਜੀ ਪਉੜੀ ਵਿਚੋਂ ਹੈ, ਜਿਸ ਦੇ ਸ਼ੁਧ ਪਾਠ ਨੂੰ ਵਿਚਾਰਨ ਦੀ ਲੋੜ ਪਈ ਹੈ। ਪੂਰੀ ਤੁਕ ਇਉਂ ਹੈ—

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਹੇ ॥

ਅਨੰਦ ਸਾਹਿਬ ਦੀਆਂ ਛੇ ਪਉੜੀਆਂ, ਹਰੇਕ ਗੁਰ-ਅਸਥਾਨ ਤੇ ਭੋਗ ਸਮੇਂ ਪੜ੍ਹੀਆਂ ਜਾਂਦੀਆਂ ਹਨ। ਪਰ ਇਸ ਤੀਜੀ ਪਉੜੀ ਦੀ ਅੱਧੀ ਤੁਕ "ਜਿਸ **ਦੇਵਏ** ਸੁ ਪਾਵਏ" ਬਹੁਤੀ ਥਾਈਂ ਸੁਣੀ ਜਾਂਦੀ ਹੈ। ਇਥੋਂ ਤਕ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਤੋਂ ਅਜ ਕਲ੍ਹ ਸਵੇਰੇ ਕੀਰਤਨ-ਪ੍ਰੋਗਰਾਮ ਅਕਾਸ਼ ਬਾਣੀ ਜਲੰਧਰ ਤੋਂ ਪ੍ਰਸਾਰਤ ਕੀਤਾ ਜਾਂਦਾ ਹੈ ਤਾਂ ਉਥੇ ਵੀ ਗੁਰਬਾਣੀ ਦੇਣ ਦੇ ਸ਼ੁਧ ਉਚਾਰਨ ਵਲ ਕੋਈ ਖ਼ਿਆਲ ਨਹੀਂ ਰਖਿਆ ਜਾਂਦਾ ਅਤੇ ਬਹੁਤੇ ਰਾਗੀ ਸਿੰਘਾਂ ਪਾਸੋਂ ਇਹ ਤੁਕ ਅਸ਼ੁਧ ਹੀ "ਜਿਸ **ਦੇਵਏ** ਸੁ ਪਾਵਏ" ਹੀ ਸੁਣਨ ਵਿਚ ਆਉਂਦੀ ਹੈ। ਅਨੰਦ ਸਾਹਿਬ ਦੀ ਦੂਜੀ ਪਉੜੀ "ਏ ਮਨ ਮੇਰਿਆ..." ਦਾ ਉਚਾਰਨ ਵੀ ਸੰਗਤਾਂ ਪਾਸੋਂ ਅਸ਼ੁਧ ਰੂਪ ਵਿਚ "ਏ. ਮਨਾ ਮੇਰਿਆ..." ਆਮ ਸੁਣਿਆ ਜਾਂਦਾ ਹੈ।

ਰਾਗੀ ਸਿੰਘਾਂ ਤੋਂ ਬਾਣੀ ਸ੍ਰਵਣ ਕਰ ਕੇ ਸਿਖ-ਸੰਗਤਾਂ ਦੇ ਮਨਾਂ ਵਿਚ ਵਸਦੀ ਹੈ ਅਤੇ ਜੇ ਉਹ ਆਪ ਅਸ਼ੁਧ ਉਚਾਰਨ ਕਰਨਗੇ ਤਾਂ ਸੰਗਤਾਂ ਨੂੰ ਵੀ ਬਾਣੀ ਅਸ਼ੁਧ ਹੀ ਕੰਠ ਹੋਵੇਗੀ। ਆਸਾ ਦੀ ਵਾਰ ਵਿਚ ਅਨੇਕਾਂ ਪਾਠ ਕਈ ਰਾਗੀ ਸਜਣ ਅਜਿਹੇ ਅਸ਼ੁਧ ਕਰਦੇ ਹਨ ਕਿ ਜਿਥੇ ਤੁਕ ਦੇ ਅਰਥ ਹੀ ਬਦਲ ਜਾਂਦੇ ਹਨ, ਜਿਵੇਂ ਕਿ—

ਜੋ ਮੋਹਾਕਾ ਘਰੁ ਮੁਹੈ, **ਘਰੁ** ਮੁਹਿ ਪਿਤਰੀ ਦੇਇ ॥

ਪਰ ਕਈ ਰਾਗੀ ਜਥੇ "ਘਰ **ਮਹਿ** ਪਿਤਰੀ ਦੇਇ" ਪੜ੍ਹਦੇ ਹਨ। ਅਸਲ ਪਾਠ ਵਿਚ ਦਸਿਆ ਹੈ ਕਿ ਚੋਰ ਘਰ (ਮੁਹਿ) ਲੁਟ ਕੇ, ਉਹ ਚੋਰੀ ਦਾ ਮਾਲ ਪਿਤਰਾਂ ਨਮਿਤ ਦਿੰਦਾ ਹੈ। ਪਰ 'ਘਰ ਮਹਿ ਪਿਤਰੀ ਦੇਇ' ਪਾਠ ਕਰਨ ਨਾਲ ਗੱਲ ਇਉਂ ਬਣ ਜਾਂਦੀ ਹੈ ਕਿ ਚੋਰ ਕਿਸੇ ਦਾ ਘਰ ਲੁਟਦਾ ਹੈ ਅਤੇ ਆਪਣੇ ਘਰ ਵਿਚ ਆ ਕੇ ਪਿਤਰਾਂ ਨੂੰ ਦੇਂਦਾ ਹੈ। ਪਿਤਰ ਤਾਂ ਪਰਲੋਕ ਵਿਚ ਬੈਠੇ ਹੁੰਦੇ ਹਨ, ਘਰ ਵਿਚ ਨਹੀਂ।

ਆਸਾ ਦੀ ਵਾਰ ਦੇ ਸਲੋਕਾਂ ਤੇ ਛੱਕਿਆਂ ਵਿਚ ਅਨੇਕਾਂ ਪਾਠ ਹਨ, ਜੋ ਸੁਧ ਕਰ ਕੇ ਉਚਾਰਨ ਦੀ ਲੋੜ ਹੈ, ਜਿਹਾ ਕਿ ਨਮੂਨੇ ਮਾਤਰ :—

—ਗੁਰਮੁਖਿ ਰੰਗਿ ਚਲੂਲਿਆ ਮੇਰਾ "**ਮਨੁ ਤਨੋ**" ਭਿੰਨਾ ॥ (ਛਕਾ ੧)
—ਓਥੈ "**ਸਚੇ ਹੀ ਸਚਿ**" ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥ (ਪਉੜੀ ੨)
—ਗਿਆਨੁ ਨ "ਗਲੀਈ" ਢੂਢੀਐ ਕਥਨਾ ਕਰੜਾ ਸਾਰੁ ॥ (ਪਉੜੀ ੪, ਸਲੋਕ ੨)
—ਘੜੀਆ ਸਭੇ ਗੋਪੀਆ "ਪਹਰ" ਕੰਨ੍ਹ ਗੋਪਾਲ ॥ (ਪਉੜੀ ੫, ਸਲੋਕ ੧)
—ਪੰਖੀ "**ਭਉਦੀਆ**" ਲੈਨਿ ਨ ਸਾਹ ॥ (ਪਉੜੀ ੫, ਸਲੋਕ ੨)
—ਹਉ ਮੂਰਖੁ ਕਾਰੈ "**ਲਾਈਆ**" ਨਾਨਕ ਹਰਿ ਕੰਮੇ (ਛੱਕਾ ੭)
—ਜਿਨਾ ਗੁਰਬਾਣੀ ਮਨਿ "**ਭਾਈਆ**" ਅੰਮ੍ਰਿਤਿ ਛਕਿ ਛਕੇ ॥ (ਛੱਕਾ ੮)
—ਜੋ ਆਇਆ ਸੋ ਚਲਸੀ ਸਭੁ "**ਕੋਈ**" ਆਈ ਵਾਰੀਐ ॥ (ਪਉੜੀ ੨੦)
—ਹਰਿ ਨਾਮੁ ਸਲਾਹਹ "**ਦਿਨੁ ਰਾਤਿ**" ਏਹਾ ਆਸ ਆਧਾਰੋ ॥ (ਛੱਕਾ ੧੧)
—"**ਸੂਚੇ**" ਏਹਿ ਨ ਆਖੀਅਹਿ .... ਅਤੇ "**ਸੂਚੇ**" ਸੇਈ ਨਾਨਕਾ......(ਪਉੜੀ ੧੭, ਸਲੋਕ ੨)

ਇਸੇ ਤਰ੍ਹਾਂ ਬਹੁਤੀ ਥਾਈਂ ਸਿਹਾਰੀਆਂ ਵਾਲੇ ਸ਼ਬਦ ਬਿਹਾਰੀਆਂ ਨਾਲ ਪੜ੍ਹੇ ਜਾਂਦੇ ਹਨ, ਜਿਹਾ ਕਿ—



www.AKJ.Org

ਸਤਿਗੁਰਿ ਮਿਲਿਐ, ਪਇਐ ਕਿਰਤਿ, ਨਾਇ ਲਇਐ,ਫਿਕੈ ਬੋਲਿਐ, ਜਿਤੁ ਸੇਵਿਐ, ਆਦਿ।
ਛੱਕਿਆਂ ਦੀਆਂ ਅੰਤਲੀਆਂ ਤੁਕਾਂ ਵਿਚ ਬਹੁਤ ਕਰ ਕੇ 'ਜਨੁ ਨਾਨਕੁ' ਕਰ ਕੇ ਪਾਠ ਹੈ, ਪਰ ਤਿੰਨਾਂ ਛਕਿਆਂ ਪਿਛੇ 'ਜਿਨ ਨਾਨਕ' ਅਤੇ 'ਜਿਨਾ ਨਾਨਕ' ਪਾਠ ਹੈ। ਥੋੜੇ ਹੀ ਰਾਗੀ ਸਜਣ ਇਨ੍ਹਾਂ ਦਾ ਸ਼ੁਧ ਪਾਠ ਕਰਦੇ ਸੁਣੇ ਜਾਂਦੇ ਹਨ–

'ਜਿਨਾ' ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥ (ਛੱਕਾ ੧੬)
'ਜਿਨ' ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥ (ਛੱਕਾ ੧੮)
'ਜਿਨ੍ਹਾ' ਨਾਨਕੁ ਸਤਿਗੁਰੁ ਭੇਟਿਆ ਤਿਨ੍ਹਾ ਮਿਲਿਆ ਹਰਿ ਸੋਈ ॥ (ਛੱਕਾ ੨੨)

ਨੌਵੀਂ ਪਉੜੀ ਦਾ ਪਹਿਲਾ ਸਲੋਕ ਹੈ—

ਪੜਿ ਪੜਿ ਗਡੀ **ਲਦੀਅਹਿ** ਪੜਿ ਪੜਿ **ਭਰੀਅਹਿ** ਸਾਥ ॥
ਪੜਿ ਪੜਿ ਬੇੜੀ **ਪਾਈਐ** ਪੜਿ ਪੜਿ **ਗਡੀਅਹਿ** ਖਾਤ ॥
**ਪੜੀਅਹਿ** ਜੇਤੇ ਬਰਸ ਬਰਸ **ਪੜੀਅਹਿ** ਜੇਤੇ ਮਾਸ ॥
**ਪੜੀਐ** ਜੇਤੀ ਆਰਜਾ **ਪੜੀਅਹਿ** ਜੇਤੇ ਸਾਸ ॥

ਬਹੁਤ ਘਟ ਰਾਗੀ ਸਿੰਘ ਵੇਖੇ ਗਏ ਹਨ, ਜੋ ਇਨ੍ਹਾਂ ਤੁਕਾਂ ਦੇ ਸਹੀ ਉਚਾਰਨ ਵਲ ਧਿਆਨ ਦੇਂਦੇ ਹਨ ਅਤੇ ਇਨ੍ਹਾਂ ਪਦਾਂ ਦਾ ਇਕੋ ਜਿਹਾ ਹੀ ਪਾਠ ਕਰੀ ਜਾਂਦੇ ਹਨ–

ਲਦੀਐ, ਭਰੀਐ, ਗਡੀਐ, ਪੜੀਐ ਆਦਿ।

ਉਨ੍ਹਾਂ ਵਾਸਤੇ ਪੜੀਐ ਅਤੇ ਪੜੀਅਹਿ, ਗਡੀਐ ਅਤੇ ਗਡੀਅਹਿ, ਲਦੀਐ ਅਤੇ ਲਦੀਅਹਿ ਆਦਿ ਵਿਚ ਕੋਈ ਫ਼ਰਕ ਹੀ ਨਹੀਂ। ਪਰ ਇਨ੍ਹਾਂ ਸ਼ਬਦਾਂ ਦੇ ਸਹੀ ਉਚਾਰਨ ਨਾਲ ਇਨ੍ਹਾਂ ਦੇ ਅਰਥ ਸਪਸ਼ਟ ਹੁੰਦੇ ਹਨ।

ਆਸਾ ਦੀ ਵਾਰ ਅਤੇ ਗੁਰਬਾਣੀ ਦੇ ਹੋਰ ਪਾਠਾਂ ਦਾ ਜੇ ਸ਼ੁਧ ਉਚਾਰਨ ਨਾ ਕੀਤਾ ਜਾਏਗਾ ਤਾਂ ਰਾਗੀ ਸਿੰਘਾਂ ਪਾਸੋਂ ਅਨੇਕਾਂ ਅਸ਼ੁਧ ਪਾਠ ਸੁਣ ਸੁਣ ਕੇ ਸਿਖ-ਸੰਗਤਾਂ ਵਿਚ ਵੀ ਇਹ ਅਸ਼ੁਧ ਪਾਠ ਪਰਚਲਤ ਹੁੰਦੇ ਜਾਣਗੇ, ਜਿਨ੍ਹਾਂ ਨੂੰ ਮੁੜ ਦਰੁਸਤ ਕਰਨਾ ਬੜਾ ਹੀ ਕਠਨ ਕਾਰਜ ਹੈ। ਸੋ ਪਾਠੀ ਸਿੰਘਾਂ ਅਤੇ ਖ਼ਾਸ ਕਰ ਕੇ ਰਾਗੀ ਸਿੰਘਾਂ ਨੂੰ ਸ਼ੁਧ ਪਾਠ ਕਰਨ ਦੀ ਉਚੇਚੀ ਟਰੇਨਿੰਗ ਦੇਣ ਦੀ ਡਾਢੀ ਲੋੜ ਹੈ ਅਤੇ ਇਸ ਕਾਰਜ ਲਈ ਕੋਈ ਉਚੇਚੇ ਜਤਨ ਸਾਡੀਆਂ ਮੁਖੀ ਸੰਸਥਾਵਾਂ ਵਲੋਂ ਕੀਤੇ ਜਾਣੇ ਚਾਹੀਦੇ ਹਨ। ਰਾਗੀ ਅਤੇ ਪਾਠੀ ਸਿੰਘਾਂ ਦਾ ਆਪਣਾ ਵੀ ਫ਼ਰਜ਼ ਬਣਦਾ ਹੈ ਕਿ ਸਿਖ ਸੰਗਤਾਂ ਵਿਚ ਜੋ ਬਾਣੀ ਉਨ੍ਹਾਂ ਨੇ ਪੜ੍ਹਨੀ ਜਾਂ ਗਾਉਣੀ ਹੁੰਦੀ ਹੈ, ਉਸ ਦੇ ਪਾਠਾਂ ਨੂੰ ਪੋਥੀਆਂ ਤੋਂ ਬੜੇ ਧਿਆਨ ਨਾਲ ਲਗ ਮਾਤਰ ਤਕ ਸੋਧ ਕੇ, ਸ਼ੁਧ ਪਾਠ ਕੰਠ ਕਰ ਕੇ, ਸੰਗਤ ਵਿਚ ਆਉਣ।

---

## ਪਾਠਕ ਸਜਣਾਂ ਪਾਸ ਬੇਨਤੀ–

(੧) ਅਸੀਂ ਕਈ ਵਾਰ ਕੀਰਤਨ-ਸਮਾਗਮਾਂ ਤੇ ਨਹੀਂ ਪੁਜ ਸਕਦੇ ਅਤੇ ਉਥੇ ਪੁਜ ਕੇ ਆਪ ਜੀ ਤੋਂ ਚੰਦੇ ਨਹੀਂ ਵਸੂਲ ਕਰ ਸਕਦੇ। ਇਸ ਲਈ ਆਪ ਜੀ ਚੰਦਾ ਖਤਮ ਹੋਣ ਦੀ ਇਤਲਾਹ ਮਿਲਣ ਸਾਰ ਮਨੀਆਰਡਰ ਰਾਹੀਂ ਚੰਦਾ ਭੇਜਣ ਦੀ ਖੇਚਲ ਕਰੋ ਜੀ। ਨਹੀਂ ਤਾਂ ਮਜਬੂਰਨ ਇਕ ਅਧ ਪਰਚਾ ਵਾਧੂ ਭੇਜ ਕੇ ਬੰਦ ਕਰਨਾ ਪੈ ਜਾਂਦਾ ਹੈ।

(੨) ਰਕਮ ਭੇਜਣ ਸਮੇਂ ਤੇ ਚਿਠੀ ਪੱਤਰ ਕਰਨ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ ਜੀ, ਅਸੀਂ ਹਰ ਮਹੀਨੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿਟ ਨੰਬਰ ਲਿਖ ਕੇ ਭੇਜਦੇ ਹਾਂ।

(੩) ਮਹੀਨੇ ਦੇ ਅਧ ਤਕ ਵੀ ਜੇ ਪਰਚਾ ਨਾ ਪੁਜੇ ਤੇ ਰਾਹ ਵਿਚ ਗੁੰਮ ਹੋ ਜਾਵੇ ਤਾਂ ਸਾਨੂੰ ਉਸੇ ਮਹੀਨੇ ਕਾਰਡ ਲਿਖੋ, ਅਸੀਂ ਹੋਰ ਪਰਚਾ ਭੇਜ ਦੇਂਦੇ ਹਾਂ। ਦੋ-ਤਿੰਨ ਮਹੀਨੇ ਬਾਅਦ ਕਹਿਣ ਜਾਂ ਲਿਖਣ ਤੇ ਕਈ ਵਾਰੀ ਪਰਚੇ ਖ਼ਤਮ ਹੋ ਚੁਕੇ ਹੁੰਦੇ ਹਨ।

www.AKJ.Org

# ਵਧ ਰਹੀ ਅਪਵਿਤ੍ਰਤਾ ਤੇ ਆਚਰਣ-ਹੀਣਤਾ

[ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ]

ਅੱਜ ਕਲ੍ਹ ਸਾਡੇ ਦੇਸ਼ ਵਿਚ ਹਰ ਤਰ੍ਹਾਂ ਦੇ ਸੁਧਾਰ ਅਤੇ ਉੱਨਤੀ ਦੀ ਚਰਚਾ ਹੋ ਰਹੀ ਹੈ : ਕਿਤੇ ਰਾਜ-ਅਧਿਕਾਰਾਂ ਦੀ ਪ੍ਰਾਪਤੀ ਵਾਸਤੇ ਉਛਾਲੇ ਖਾ ਰਹੇ ਹਨ, ਕਿਤੇ ਸ੍ਵਦੇਸ਼ੀ ਵਰਤੋਂ ਤੇ ਜ਼ੋਰ ਦਿਤਾ ਜਾ ਰਿਹਾ ਹੈ, ਕਿਤੇ ਅਭੇਦ ਵਰਤਾਉ ਦੀਆਂ ਲਹਿਰਾਂ ਲਹਰਾ ਰਹੀਆ ਹਨ, ਕਿਤੇ ਅਣਮੁੱਲੀ ਵਿਦਿਆ ਪ੍ਰਚਾਰ ਦੇ ਯਤਨ ਕੀਤੇ ਜਾ ਰਹੇ ਹਨ, ਕਿਤੇ ਕੁਰੀਤੀਆਂ ਪ੍ਰਹਾਹ ਵਾਸਤੇ ਸਭਾਵਾਂ ਸਸ਼ੋਭਤ ਹੋ ਰਹੀਆਂ ਹਨ, ਕਿਤੇ ਬਿਉਪਾਰ ਉੱਨਤੀ ਵਾਸਤੇ ਉਤਸ਼ਾਹ ਵਧ ਰਹੇ ਹਨ। ਆਦਿਕ ਕੇਵਲ ਚਰਚਾ ਹੀ ਨਹੀਂ, ਜੋਸ਼ ਭਰੇ ਸ੍ਵਦੇਸ਼ੀਆਂ ਵਲੋਂ ਯੋਗ ਅਯੋਗ ਵਰਤਾਰੇ ਭੀ ਵਰਤ ਰਹੇ ਹਨ ਭਾਵੇਂ ਇਹ ਛੋਟੇ ਮੂੰਹ ਵੱਡੀ ਬਾਤ ਹੋਵੇਗੀ ਕਿ "ਸੁਧਾਰ ਦੇ ਏਹੋ ਜੇਹੇ ਸਾਰੇ ਯਤਨ ਵਿਅਰਥ ਹਨ", ਪਰ ਹੈ ਇਹ ਅੱਖਰ ਅੱਖਰ ਸੱਚ। ਕਿਉਂਕਿ ਕੰਡੇ ਖਿਲਾਰ ਕੇ ਮਾਰਗ ਭ੍ਰਸ਼ਟ ਕਰ ਰਹੇ ਬ੍ਰਿਛ ਨੂੰ ਨਿਰਮੂਲ ਕਰਨ ਦੇ ਵਿਚਾਰ ਵਾਸਤੇ ਬ੍ਰਿਛ ਦੀਆਂ ਸ਼ਾਖਾਂ ਵਢੀਆਂ ਜਾ ਰਹੀਆਂ ਹਨ, ਜੜ੍ਹ ਉੱਪਰ ਕੋਈ ਕੁਹਾੜਾ ਨਹੀਂ ਮਾਰਦਾ। ਅਰਥਾਤ ਜਦ ਤਕ ਸਾਡੇ ਸ੍ਵਦੇਸ਼ੀਆਂ ਦਾ ਜੀਵਨ ਸੁਧਾਰ ਅਰਥਾਤ ਆਚਰਨ (ਚਾਲ ਚਲਨ) ਭਲਾ ਨਹੀਂ ਹੋਵੇਗਾ ਤਦ ਤਕ ਕਿਸੇ ਪ੍ਰਕਾਰ ਹਜ਼ਾਰ ਵਾਰੀ ਸਿਰ ਮਾਰਿਆਂ ਭੀ ਉੱਨਤੀ ਨਹੀਂ ਹੋਵੇਗੀ। ਜਿਥੋਂ ਦੇ ਲੋਕ ਆਪਣਾ ਪਵਿੱਤਰ ਆਚਰਨ ਰੂਪੀ ਅਨਮੋਲ ਹੀਰਾ ਗਵਾ ਚੁਕੇ, ਗਵਾ ਰਹੇ ਅਤੇ ਗੁਵਾਚ ਰਹੇ ਦਾ ਫਿਕਰ ਨਹੀਂ ਕਰ ਰਹੇ, ਉਨ੍ਹਾਂ ਦੀ ਉੱਨਤੀ ਕਿਸ ਤਰ੍ਹਾਂ ਹੋ ਸਕਦੀ ਹੈ ? ਕਦੇ ਨੀਂਹ ਦੇ ਬਿਨਾਂ ਮਹੱਲ ਉਸਰ ਕੇ ਸੁਖਦਾਈ ਹੋ ਸਕਦਾ ਹੈ ? ਕਦੇ ਜੀਵਨ ਦੇ ਬਿਨਾ ਸਰੀਰ ਉੱਦਮ ਕਰ ਸਕਦਾ ਹੈ ? ਸੈਂਕੜੇ ਉੱਤਮ ਤੋਂ ਉੱਤਮ ਦਵਾਵਾਂ ਹੁੰਦਿਆਂ ਹੋਇਆਂ ਭੀ ਕੁਪੱਥ ਕਰਨ ਵਾਲੇ ਰੋਗੀ ਦੀ ਅਰੋਗਤਾ ਦੀ ਕਦੇ ਆਸ ਹੋ ਸਕਦੀ ਹੈ ? ਜਿਸ ਤਰ੍ਹਾਂ ਇਨ੍ਹਾਂ ਵਾਸਤੇ ਉੱਤਰ "ਨਹੀਂ" ਹੈ, ਠੀਕ ਇਸੇ ਤਰ੍ਹਾਂ ਹੀ "ਪਵਿਤਰ ਜੀਵਨ ਦੇ ਬਿਨਾਂ ਦੇਸ਼ ਦੀ ਉੱਨਤੀ ਹਜ਼ਾਰਾਂ ਹੋਰ ਹੋਰ ਸਾਧਨਾਂ ਦੇ ਹੁੰਦਿਆਂ ਹੋਇਆਂ ਭੀ ਕਦੇ ਨਹੀਂ ਹੋ ਸਕਦੀ। ਸੱਚੇ ਪਿਤਾ ਸਤਿਗੁਰੂ ਜੀ ਦੇ ਬਚਨ :—"ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ" ਸਾਡੇ ਪਰ ਹੀ ਘਟਦੇ ਹਨ। ਇਸ ਤੋਂ ਯਾਦ ਰੱਖਣਾ ਚਾਹੀਦਾ ਹੈ ਕਿ:—

"ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ" ॥੧੦॥ (ਆਸਾ ਦੀ ਵਾਰ)

ਜਗਤ ਦੇ ਇਕ ਸਿਰੇ ਤੋਂ ਲੈ ਕੇ ਦੂਸਰੇ ਤਕ ਅਪਵਿਤ੍ਰਤਾ ਆਪਣਾ ਪਸਾਰਾ ਪਸਾਰ ਰਹੀ ਹੈ। ਅਰ ਅਨੇਕ ਪ੍ਰਕਾਰ ਦੇ ਰੂਪਾਂ 'ਤੇ ਢੰਗਾਂ ਵਿਚ ਹੋ ਕੇ ਜੀਵਾਂ ਦੇ ਮਨਾਂ ਨੂੰ ਸਿਰਜਣਹਾਰ ਵਾਹਿਗੁਰੂ ਤੋਂ ਵਿਛੋੜ ਰਹੀ ਹੈ। ਸਤਿਗੁਰਾਂ ਦੇ ਉਪਦੇਸ਼ਾਂ ਵਲੋਂ ਮਨਮੁਖਤਾ ਹੋ ਰਹੀ ਹੈ। ਗੁਰਬਾਣੀ ਦੇ ਪਿਆਰ ਵਲੋਂ ਵਾਂਜੇ ਜਾ ਰਹੇ ਹਾਂ। ਮਹਾਤਮਾਵਾਂ ਦੀਆਂ ਕਰਨੀਆਂ ਦੇ ਹਾਸੇ ਉਡਾਏ ਜਾਂਦੇ ਹਨ। "ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ" ਵਾਲਾ ਹਾਲ ਵਰਤ ਰਿਹਾ ਹੈ। ਇਹ ਅਪਵਿਤ੍ਰਤਾ ਦਿਨੋ ਦਿਨ ਵਧ ਰਹੀ ਹੈ, ਅਰ ਬਹੁਰੂਪੀਏ ਵਾਕੁਰ ਲੋਕਾਂ ਨੂੰ ਠਗਣ ਲਈ ਅਨੇਕ ਰੂਪ ਧਾਰ ਰਹੀ ਹੈ। ਸੋ ਸਭ ਤੋਂ ਪਹਿਲੇ ਸੰਸਾਰ ਹਿਤ, ਦੇਸ਼ ਹਿਤ, ਕੌਮ ਸਰਬੰਸ ਹਿਤ, ਤਥਾ ਆਸ਼ਰਮ ਹਿਤ ਚਾਹੁਣ ਵਾਲੇ ਲੋਕਾਂ ਦੇ ਮਨਾਂ ਨੂੰ ਸਾਫ਼ ਕਰਨਾ ਚਾਹੀਦਾ ਹੈ, ਜੀਵਨ ਪਵਿਤਰ ਕਰਨੇ ਚਾਹੀਦੇ ਹਨ, ਅਪਵਿਤ੍ਰਤਾ ਦਾ ਜੰਗਾਲ ਉਤਾਰਨਾ ਚਾਹੀਦਾ ਹੈ। ਗੁਰਵਾਕ :— "ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ" ॥ (੩੮੧)

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦, ੭-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | | ੧-੦੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ(ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ | ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧੦-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ | ,, | ੦-੪੫ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | | ੦-੯੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ | | ਵਲੋਂ ਭਾਈ ਰਾਮ ਸਿੰਘ ਜੀ | | ੦-੭੫ |


www.AKJ.Org

# ਅਕਾਲੀ ਜੀ ਦਾ ਪੰਥ ਪ੍ਰਤੀ ਪਿਆਰ ਤੇ ਸੇਵਾ

[ਵਲੋਂ—ਸ: ਅਤਰ ਸਿੰਘ ਜੀ]

ਅਕਾਲੀ ਕੌਰ ਸਿੰਘ ਜੀ ਨੇ 'ਕਸ਼ਮੀਰ ਸਮਾਚਾਰ' ੧੯੪੭ ਵਿਚ ਕੌਮ ਨੂੰ ਸੇਧ ਦੇਂਦਿਆਂ ਲਿਖਿਆ—

"ਖ਼ਾਲਸਾ ਜੀ ! ਨਿਰੀ ਦੌਲਤ ਤੇ ਮਾਲ ਦੀ ਵਡਿਆਈ ਨੂੰ ਮੁਖ ਰਖ ਕੇ ਆਗੂ ਨਾ ਚੁਣੋ, ਬਲਕਿ ਜੇ ਜਗਤ ਦੇ ਸੁਖ ਵਾਸਤੇ ਵੀ ਜਥੇਬੰਦ ਹੋਣਾ ਹੈ ਤਦ—'ਗੁਣ ਕੀ ਸਾਂਝ ਸੁਖੁ ਊਪਜੇ' ੨੯॥ (੭੫੬)

ਇਸ ਗੁਰਵਾਕ ਨੂੰ ਸਦਾ ਸਨਮੁਖ ਰਖ ਕੇ ਬੜੇ ਤੋਂ ਬੜੇ ਗੁਣੀ ਨੂੰ ਆਗੂ ਥਾਪਿਆ ਕਰੋ ਅਤੇ ਜਿਥੇ ਨਵਾਬ ਕਪੂਰ ਸਿੰਘ ਜੀ ਦੇ ਵੇਲੇ ਦਾ ਇਤਿਹਾਸ ਦੁਹਰਾਂਦੇ ਹੋ, ਉਥੇ ਉਸ ਵੇਲੇ ਦੇ ਸਿੰਘ ਬਣ ਕੇ ਭੀ ਵਿਖਾਓ। ਨਹੀਂ ਤਾਂ—ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥੨॥੬॥ (੧੪੦)

ਐਸਾ ਆਗੂ ਜਿਥੇ ਪੰਥ ਲਈ ਹਾਨੀਕਾਰਕ ਸਾਬਤ ਹੋਇਆ ਤੇ ਹੋਵੇਗਾ, ਉਥੇ ਆਪ ਦੇ ਲਈ ਵੀ ਕਿਸੇ ਤਰ੍ਹਾਂ ਵਡਿਆਈ ਦਾ ਕਾਰਨ ਨਹੀਂ ਬਣੇਗਾ।"

ਆਪ ਨੂੰ ਪੰਥ ਸੇਵਾ ਦਾ ਇਤਨਾ ਚਾਅ ਸੀ ਕਿ ਜਿਵੇਂ ਗੁਰੂ-ਫ਼ੁਰਮਾਨ ਹੈ—

ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ ॥੨॥੩੨॥ (੩੧੭)

ਬਸ ਆਪ ਇਸ ਤਰ੍ਹਾਂ ਹੀ ਕਿਸੇ ਬੋਲ ਕੁਬੋਲ ਦੀ ਪਰਵਾਹ ਨਾ ਕਰਦੇ ਅਤੇ ਪੰਥ-ਸੇਵਾ ਵਿਚ ਜੁਟੇ ਹੀ ਰਹਿੰਦੇ। ੧੯੪੭ ਤੋਂ ਬਾਅਦ ਦਾ ਵਾਕਿਆ ਹੈ ਕਿ ਆਪ ਨੇ ਕਸ਼ਮੀਰ ਦੇ ਉਜੜੇ ਪੁਜੜੇ ਸਿੰਘਾਂ ਨੂੰ ਵਸਾਉਣ ਦੇ ਹੀਲੇ ਹਿਤ ਕੁਝ ਦਸਤੀ ਚਿਠੀਆਂ ਕਸ਼ਮੀਰ ਦੇ ਵਿਰਲੇ ਵਿਰਲੇ ਸਜਣਾਂ ਨੂੰ ਘਲੀਆਂ ਤੇ ਹਦਾਇਤ ਕੀਤੀ ਕਿ ਚਿੱਠੀਆਂ ਉਹਨਾਂ ਨੂੰ ਪਹੁੰਚਾ ਦਿਤੀਆਂ ਜਾਣ। ਚੁਨਾਚਿ ਇਹ ਚਿਠੀਆਂ ਜਿਨ੍ਹਾਂ ਦੇ ਨਾਮ ਸਨ, ਉਹਨਾਂ ਨੂੰ ਪਹੁੰਚਾਈਆਂ ਗਈਆਂ, ਅਤੇ ਇਨ੍ਹਾਂ ਦੇ ਵਿਚਾਰ ਲੈ ਕੇ ਅਕਾਲੀ ਜੀ ਤਕ ਪਹੁੰਚਾਏ ਗਏ। ਇਨ੍ਹਾਂ ਵਿਚ ਇਕ ਚਿੱਠੀ ਇਥੋਂ ਦੇ ਇਕ ਐਮ. ਐਲ. ਏ. ਸਰਦਾਰ ਵਲ ਸੀ। ਉਸ ਨੂੰ ਇਕ ਪੰਥਕ ਇਕੱਠ ਵਿਚ ਦਾਸ (ਲੇਖਕ) ਨੇ ਇਹ ਚਿੱਠੀ ਦਿਤੀ। ਇਹ ਸਿੰਘ ਅਕਾਲੀ ਜੀ ਦੀ ਹਕੀਕਤ-ਗੋਈ (ਸੱਚ-ਬਿਆਨੀ) ਪਰ ਅਪ੍ਰਸੰਨ ਸੀ, ਇਸ ਲਈ ਇਸ ਨੇ ਅਕਾਲੀ ਜੀ ਦੀ ਚਿੱਠੀ ਇਹ ਆਖ ਕੇ ਪਰੇ ਵਗਾਹ ਮਾਰੀ ਕਿ ਜਾਉ ਇਸ ਨੂੰ ਦਰਿਆ ਵਿਚ ਸੁਟੋ। ਦਾਸ ਲੇਖਕ ਇਸ ਅਯੋਗ ਹਰਕਤ ਤੇ ਉਸ ਨਾਲ ਕੁਝ ਝਗੜ ਵੀ ਪਿਆ, ਪਰ ਬਾਕੀ ਹਾਜ਼ਰ ਸਜਣਾਂ ਨੇ ਮਾਮਲਾ ਠੰਢਾ ਕਰ ਦਿਤਾ। ਅਕਾਲੀ ਜੀ ਨੂੰ ਇਸ ਦੀ ਇਤਲਾਹ ਦਿੰਦਿਆਂ ਬੇਨਤੀ ਕੀਤੀ ਕਿ ਇਸ ਸਿੰਘ ਵਲ ਫਿਰ ਕੋਈ ਚਿਠੀ ਨਾ ਘਲਣੀ। ਪਰੰਤੂ ਆਪ ਨੇ ਉਤਰ ਭੇਜਿਆ—

"ਸਿੰਘ ਸਾਹਿਬ, ਮੈਂ ਸ਼ਰਮਿੰਦਾ ਹਾਂ ਕਿ ਆਪ ਨੂੰ ਮੇਰੇ ਵਾਸਤੇ ਤਕਲੀਫ਼ ਹੋਈ ਹੈ। ਕੀ ਲੋੜ ਸੀ ਆਪ ਨੂੰ ਐਸਾ ਕਰਨ ਦੀ। ਉਹਨਾਂ ਤਾਂ ਬੁਰਾ ਭਲਾ ਮੈਨੂੰ ਕਿਹਾ ਸੀ, ਤੁਸੀਂ ਕਿਉਂ ਔਖੇ ਹੋਏ। ਮੈਂ ਖੁਸ਼ ਹਾਂ, ਉਹ ਮੈਨੂੰ ਭਾਵੇਂ ਕੁਝ ਕਹਿਣ, ਆਪ ਕੋਈ ਰੋਸ ਨਾ ਕਰੋ। ਚਿੱਠੀ ਲਿਖਣੋਂ ਤਾਂ ਮੈਂ ਰੁਕਦਾ ਨਹੀਂ, ਕਿਉਂਕਿ ਇਹ ਪੰਥਕ ਕੰਮ ਹਨ ਤੇ ਕਰਨੇ ਚਾਹੀਦੇ ਹਨ। ਸੋ ਆਪ ਨੂੰ ਨਹੀਂ ਘਲਾਂਗਾ, ਮੈਂ ਹੋਰ ਜ਼ਰੀਏ ਭੇਜਾਂਗਾ, ਤੁਸੀਂ ਤਸੱਲੀ ਰੱਖੋ ਤੇ ਮੈਨੂੰ ਜ਼ਰੂਰ ਮਾਫ਼ ਕਰੋ।"

੧੯੪੭ ਦੇ ਘਲੂਘਾਰੇ ਉਪਰੰਤ ਆਪ ਦਾ ਰੁਝੇਵਾਂ ਇਤਨਾ ਵਧ ਗਿਆ ਕਿ ਆਪ ਦੇ ਹੱਥੋਂ ਦਿਨ ਰਾਤ ਕਲਮ ਛੁਟਦੀ ਹੀ ਨਹੀਂ ਸੀ। ਇਕ ਪੜ੍ਹਿਆ ਲਿਖਿਆ ਸਿੰਘ, ਜੋ ਆਪ ਨੂੰ ਮਿਲਣ ਆਇਆ ਸੀ, ਉਸ ਨੇ ਆਪਣੇ ਆਪ ਨੂੰ ਪੇਸ਼ ਕਰਦਿਆਂ ਕਿਹਾ—

"ਮਹਾਰਾਜ, ਆਪ ਪਾਸ ਲਿਖਾ-ਪੜ੍ਹੀ ਦਾ ਇਤਨਾ ਕੰਮ ਹੈ ਕਿ ਜਦ ਵੇਖੋ ਦਿਨ ਰਾਤ ਆਪ ਲਿਖਦੇ

[ਬਾਕੀ ਵੇਖੋ ਸਫ਼ਾ ੨੭ ਦੇ ਹੇਠ[



www.AKJ.Org

# ਫ਼ੌਜੀ ਕਾਰਵਾਈ ਪਿਛੋਂ ਇਕ ਇਤਿਹਾਸ-ਖੋਜੀ ਦੇ ਵਲਵਲੇ

ਕੈਪਟਿਨ ਸਵਰਨ ਸਿੰਘ ਜੀ ਘੜਿਆਲਾ ਲਿਖਤ "ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ" ਲੇਖ-ਲੜੀ ਤਕਰੀਬਨ ਦੋ ਸਾਲ 'ਸੂਰਾ' ਵਿਚ ਛਪਦੀ ਰਹੀ, ਜਿਸ ਵਿਚ ਇਤਿਹਾਸਕ ਪੱਖ ਤੋਂ ਉਨ੍ਹਾਂ ਨੇ ਭਾਰੀ ਖੋਜ ਕਰ ਕੇ, ਦੇਸੀ ਤੇ ਬਦੇਸੀ ਇਤਿਹਾਸਾਂ ਨੂੰ ਪੁਣ-ਛਾਣ ਕੇ ਐਸੀ ਕੀਮਤੀ ਸਮਿਗਰੀ ਦਿਤੀ, ਜੋ ਸਿਖ ਇਤਿਹਾਸ ਦਾ ਅਮੁਲਾ ਖ਼ਜ਼ਾਨਾ ਹੈ। ਇਸ ਲੇਖ-ਲੜੀ ਵਿਚਲੇ ਸਮਾਚਾਰ ਨੂੰ ਇਤਨੀ ਖ਼ੂਬਸੂਰਤੀ ਨਾਲ, ਸਚਿਆਈਆਂ ਉਘਾੜ ਉਘਾੜ ਕੇ ਪੇਸ਼ ਕੀਤਾ ਗਿਆ ਸੀ ਕਿ ਪਾਠਕਾਂ ਨੇ ਉਸ ਨੂੰ ਬੜੇ ਚਾਅ-ਉਤਸ਼ਾਹ ਨਾਲ ਪੜ੍ਹਿਆ।

ਸ਼ਹੀਦ ਭਾਈ ਤਾਰਾ ਸਿੰਘ ਜੀ 'ਡਲ ਵਾਂ' ਬਾਰੇ ਵੀ ਕੈਪਟਿਨ ਸਾਹਿਬ ਨੇ ਕਾਫ਼ੀ ਖੋਜ ਕੀਤੀ ਹੋਈ ਹੈ। ਉਸ ਸੰਬੰਧੀ ਲੇਖ 'ਸੂਰਾ' ਵਿਚ ਛਪਣ ਲਈ ਕੈਪਟਿਨ ਸਾਹਿਬ ਤੋਂ ਮੰਗੇ ਗਏ ਤਾਂ ਉਨ੍ਹਾਂ ਨੇ ਫ਼ੌਜੀ ਕਾਰਵਾਈ ਸਮੇਂ **'ਸਿਖ ਰੈਫਰੈਂਸ ਲਾਇਬ੍ਰੇਰੀ' ਦੇ ਮਲੀਆਮੇਟ ਹੋ ਜਾਣ ਕਾਰਨ**, ਆਪਣੇ ਬੁਝੇ ਦਿਲ ਚੋਂ ਜੋ ਵਲਵਲਿਆਂ ਭਰੀ ਪਤਰਕਾ ਲੇਖ ਦੇ ਨਾਲ ਭੇਜੀ ਹੈ, ਉਹ ਹੇਠਾਂ ਦਿਤੀ ਜਾ ਰਹੀ ਹੈ।

—ਸੰਪਾਦਕ

ੴ

ਸਤਿਕਾਰ ਯੋਗ ਸਰਦਾਰ ਸਾਹਿਬ ਜੀਉ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਆਪ ਜੀ ਦੇ ਹੁਕਮ ਦੀ ਪੂਰਤੀ ਵਿਚ ਸ਼ਹੀਦ ਭਾਈ ਤਾਰਾ ਸਿੰਘ "ਡਲ ਵਾਂ" ਵਾਲਿਆਂ ਤੇ ਸਮੱਗਰੀ ਇਕੱਠੀ ਕਰਨ ਦਾ ਉਪ੍ਰਾਲਾ ਕੀਤਾ ਸੀ। Army Action (ਫ਼ੌਜੀ ਕਾਰਵਾਈ) ਕਾਰਨ ਕਾਫ਼ੀ ਦੇਰ ਤੱਕ ਘਰੋਂ ਹੀ ਨਾ ਨਿਕਲਣ ਦਿੱਤਾ ਗਿਆ। ਛੁਟੀਆਂ ਵਿਚ ਬਹੁਤਾ ਸਮਾਂ ਲਾਇਬ੍ਰੇਰੀਆਂ ਵਿਚ ਹੀ ਲਾਈਦਾ ਹੈ। ਪਰ **ਸਿਖ ਰੇਫਰੈਂਸ** ਲਾਇਬ੍ਰੇਰੀ, ਅੰਮ੍ਰਿਤਸਰ ਨੂੰ ਮਿਥ ਕੇ ਸਾੜ ਦਿਤੇ ਜਾਣ ਦੀ ਮਾਨਸਿਕ ਸੱਟ ਨੇ ਪਛਾੜ ਕੇ ਰਖ ਦਿਤਾ ਹੈ। ਹੋਰ ਥਾਈਂ ਵੀ ਲਾਇਬ੍ਰੇਰੀਆਂ ਹਨ, ਕਿਤਾਬਾਂ ਨਾਲ ਭਰੀਆਂ ਪਈਆਂ ਹਨ, ਕਿਸੇ ਹਦ ਤਕ ਇਤਿਹਾਸਕ ਮਸਾਲਾ ਵੀ ਮੌਜੂਦ ਹੈ, ਪਰ ਜੋ ਨਾਯਾਬ ਤੇ ਦੁਰਲਭ ਨੁਸਖ਼ੇ ਏਥੇ ਸਨ, ਉਹ ਹੁਣ ਕਿਥੇ? ਇਕ ਆਸਰਾ ਸੀ ਜੋ ਇਸ ਮਾਰਗ ਤੇ ਚੰਗੀ ਚਾਲ ਨਾਲ ਤੁਰਨ ਦੀ ਪ੍ਰੇਰਨਾ ਤੇ ਹੁਲਾਰਾ ਦੇਂਦਾ ਸੀ, ਹੁਣ ਮੈਂ ਆਪਣੇ ਆਪ ਨੂੰ ਬੇ-ਆਸਰਾ ਤੇ rudder-ਟੁਟੀ (ਪਤਵਾਰ-ਹੀਣ) ਕਿਸ਼ਤੀ ਦੀ ਦਸ਼ਾ ਵਾਂਗ ਮਹਿਸੂਸ ਕਰਦਾ ਹਾਂ। ਇਸ ਸਥਿਤੀ ਵਿਚ ਵਾਹਿਗੁਰੂ ਹੀ ਕਿਰਪਾ ਕਰਨ। ਖਾਲਸਾ ਕਾਲਜ, **ਯੂਨੀਵਰਸਿਟੀ** ਲਾਇਬ੍ਰੇਰੀ (ਇਹ ਲਾਇਬ੍ਰੇਰੀ ਤਾਂ ਕਿਸੇ ਦਿਨ ਨੂੰ ਜਾ ਕੇ ਲਾਇਬ੍ਰੇਰੀ ਅਖਵਾ ਸਕੇਗੀ), ਮੋਤੀ ਲਾਲ ਨਹਿਰੂ ਲਾਇਬ੍ਰੇਰੀਆਂ ਅੰਮ੍ਰਿਤਸਰ ਵਿਚ ਹਨ, ਪਰ ਜੇ ਖਾਲਸਾ ਕਾਲਜ ਦੀ ਲਾਇਬ੍ਰੇਰੀ ਨੂੰ ਵਿਚੋਂ ਕਢ ਦੇਈਏ ਤਾਂ ਅੰਮ੍ਰਿਤਸਰ, ਜੋ ਇਕ ਤਾਰੀਖ਼ੀ ਤੇ ਸੰਸਾਰ-ਪ੍ਰਸਿਧ ਨਗਰ ਹੈ, ਇਸ ਪਖੋਂ ਇਸ ਵਿਚ ਕੀ ਗੁੰਜਾਇਸ਼ ਰਹਿ ਜਾਂਦੀ ਹੈ? ਏਨਾ ਸਮਾਂ ਹੀ ਨਹੀਂ ਕਿ ਪਲ ਪਲ ਪਿਛੋਂ ਪੰਜਾਬੀ ਯੂਨੀਵਰਸਿਟੀ ਲਾਇਬ੍ਰੇਰੀ ਪਟਿਆਲੇ ਨੂੰ ਭਜਿਆ ਜਾਵੇ। ਹੁਣ ਤਾਂ ਸਿਰਫ਼ ਹੌਕੇ ਲੈਣ ਵਾਲੀ ਗੱਲ ਹੈ। ਸਿਖ ਰੈਫ਼ਰੈਂਸ ਲਾਇਬ੍ਰੇਰੀ ਤਾਂ ਕੁਝ ਘੰਟਿਆਂ ਵਿਚ ਸੜ ਕੇ ਸੁਆਹ ਹੋ ਗਈ ਹੋਵੇਗੀ, ਪਰ ਇਹ ਸਤਰਾਂ ਲਿਖਣ ਵਾਲੇ ਨਿਮਾਣੇ ਨੇ ਤਾਂ ਸਾਰੀ ਉਮਰ ਹੀ ਗਿਲੇ ਗੋਹੇ ਵਾਂਗ ਧੁਖ ਧੁਖ ਕੇ ਸੜਨਾ ਹੈ। ਅਕਾਲ ਤਖ਼ਤ ਸਾਹਿਬ ਦੀ **ਪਰਮ**

[ਬਾਕੀ ਵੇਖੋ ਸਫ਼ਾ ੨੭ ਦੇ ਹੇਠ]



www.AKJ.Org

# ਅੰਬਰ ਵਿਚ ਖਿਲਰੀਆਂ ਕੂਕਾਂ

[ਵਲੋਂ—ਗਿ: ਗੋਪਾਲ ਸਿੰਘ ਜੀ ਮਿੱਤਰ, ਮਾਲਬ, ਗੁੜਗਾਉਂ]

ਹਰਿਮੰਦਰ ਦੀ ਹਦ ਦੇ ਅੰਦਰ, ਹਰ ਇਕ ਫੂਲ ਅਜ ਰੋਂਦਾ ਦਿੱਸੇ।
ਹਰ ਇਕ ਬੂਟੇ ਦੇ ਹਰ ਪੱਤੇ ਟਹਿਣੀ ਚੋਂ ਲਹੂ ਚੋਂਦਾ ਦਿੱਸੇ।

ਡੌਰ ਭੌਰ ਹੋਇਆ ਪਿਆ ਤੱਕੇ, ਸੰਗਤਾਂ ਨੂੰ ਅੱਜ ਇਹ ਚੁਗਿਰਦਾ।
ਹਰ ਕਣ ਕਣ ਦੇ ਦਿਲ ਵਿਚ ਹਉਕੇ, ਨਾਲ ਨਿਰਾਸ਼ਾ ਭਰਿਆ ਹਿਰਦਾ।

ਹਰ ਦੀਵਾਰ ਇਹ ਦੱਸ ਰਹੀ ਏ, ਏਥੇ ਹੈ ਕੋਈ ਵਰਤਿਆ ਭਾਣਾ।
ਹਰ ਇੱਟ ਮੂੰਹੋਂ ਬੋਲ ਰਹੀ ਏ, ਨਹੀਂ ਚਾਹੁੰਦੀ ਭੇਦ ਲੁਕਾਣਾ।

ਰੋਵੇ ਗ਼ਮ ਦੇ ਹੰਝੂ ਦਿਸਦਾ, ਕੰਪਲੈਕਸ ਦਾ ਹਰ ਦਰਵਾਜ਼ਾ।
ਟੁਟੀਆਂ ਕੰਧਾਂ ਵਿਚੋਂ ਸੁਣੀਵੇ 'ਹੋਇਆ ਜ਼ੁਲਮ' ਇਹੋ ਆਵਾਜ਼ਾਂ।

ਪਰਕਰਮਾ ਵੀ ਕਹਿੰਦੀ ਦਿੱਸੇ, ਮੇਰੀ ਹਰ ਇਕ ਨਾੜ ਦੁਖੀ ਏ।
ਬੈਠੀ ਆਂ ਮੈਂ ਪਟੀਆਂ ਬੰਨ੍ਹੀ, ਸਭ ਸਰੀਰ ਦਾ ਤਾੜ ਦੁਖੀ ਏ।

ਸੁਵਰਨ ਮੰਦਰ ਦੀ ਹਿਕ ਵਿਚ ਦੁਸ਼ਟਾਂ, ਤਕ ਤਕ ਕੇ ਨੇ ਗੋਲੇ ਮਾਰੇ।
ਜੁੱਤੀਆਂ ਨਾਲ ਅਪਵਿਤਰ ਕੀਤਾ, ਕੀ ਦਸਾਂ ? ਜੋ ਕਹਿਰ ਗੁਜ਼ਾਰੇ।

ਸੋਨ-ਪੱਤੀਆਂ ਜਿਵੇਂ ਗੋਲੀਆਂ ਨਾਲ ਛੇਦੀਆਂ ਕਰਨ ਪੁਕਾਰਾਂ।
ਗੁੰਬਦ ਉੱਪਰ ਸੁੱਟੇ ਗੋਲੇ, ਵਰ੍ਹੇ ਜਿਵੇਂ ਗੜਿਆਂ ਦੀਆਂ ਮਾਰਾਂ।

ਕੋਈ ਅੰਗ ਨਹੀਂ ਜੋ ਸਾਬਤ ਹੋਣ ਲਈ ਦੇ ਦਏ ਗੁਆਹੀ।
ਰਜ ਕੇ ਜ਼ੁਲਮ ਕਮਾਏ ਵੈਰੀਆਂ, ਜਿਵੇਂ ਦਰਸ਼ਨੀ ਡਿਉਢੀ ਢਾਹੀ।

ਤੋਸ਼ਾਖ਼ਾਨਾ ਜਿਵੇਂ ਉਡਾਇਆ, ਮਾਰ ਮਾਰ ਕੇ ਜਿਉਂ ਹੱਥ-ਗੋਲੇ।
ਦੂਰੋਂ ਨਜ਼ਰੀਂ ਆਵਣ ਸਭ ਨੂੰ ਵੱਡੇ ਮੋਰੇ ਵਾਂਗ ਭੜੋਲੇ।

ਫੂਕੀ ਲਾਚੀ ਬੇਰ ਜਿਵੇਂ ਹੈ, ਮਾਰ ਮਾਰ ਰਫ਼ਲਾਂ ਬੰਦੂਕਾਂ।
ਹੱਡ-ਵਰਤੀ ਉਹ ਦੱਸ ਰਹੀ ਏ, ਅੰਬਰ ਵਿਚ ਖਿਲਰੀਆਂ ਕੂਕਾਂ।

ਤਖ਼ਤ ਅਕਾਲ ਇਵੇਂ ਦਿਸਦਾ ਏ, ਪੱਛਿਆ ਹੋਇਆ ਜਿਵੇਂ ਸਰੀਰ।
ਪਟੀਆਂ ਬੰਨ੍ਹ ਖਲੋਤਾ ਹੋਵੇ, ਜਿਵੇਂ ਕੋਈ ਚੁਪ ਚਾਪ ਫ਼ਕੀਰ।

ਹੋਇਆ ਪੀੜਾਂ ਨਾਲ ਵਿਆਕੁਲ, ਕੁੱਝ ਬੋਲ ਕੇ ਦਸ ਨਹੀਂ ਸਕਦਾ।
ਮੂੰਹ ਤੇ ਲੱਗੀ ਮੁਹਰ ਖ਼ਾਮੋਸ਼ੀ, ਸਦਾ ਲਈ ਉਹ ਹੱਸ ਨਹੀਂ ਸਕਦਾ।

ਮੀਰੀ ਪੀਰੀ ਦੇ ਪ੍ਰਗਟਾਊ, ਦੋਇ ਖਲੋਤੇ ਦਿਸਣ ਨਿਸ਼ਾਨ।
ਜਾ ਕੇ ਕੋਲ ਉਨ੍ਹਾਂ ਤੋਂ ਪੁਛੋ, ਕਿਵੇਂ ਹੋਏ ਨੇ ਉਹ ਕੁਰਬਾਨ ?

ਪੱਛੇ ਹੋਏ ਖੋਲ ਉਨ੍ਹਾਂ ਦੇ, ਅੱਖਾਂ ਚੋਂ ਹੰਝੂ ਵਰਸਾਂਦੇ।
'ਸਾਡੇ ਪੋਸ਼ ਲਾਹ ਕੇ ਦੇਖੋ', ਕਹਿੰਦੇ ਅੱਲੇ ਜ਼ਖ਼ਮ ਉਨ੍ਹਾਂ ਦੇ।


www.AKJ.org

ਉਨ੍ਹਾਂ ਦੀਆਂ ਫ਼ਰਿਆਦਾਂ ਸੁਣ ਕੇ, ਕਿਹੜੀ ਅੱਖ ਜੋ ਹੰਝ ਨ ਸੱਟੇ।
ਸਾਵਣ ਵਾਂਗ ਛਮ ਛਮ ਵਸਦੀ, ਵੇਖ ਢੇਰ ਮਲਬੇ ਦੇ ਢੱਠੇ।

ਅਜ ਵੀ ਇਸ ਦੇ ਚਾਰ ਚੁਫੇਰੇ, ਵੈਰੀ ਖੜੇ ਸੰਗੀਨਾਂ ਚਾਈ।
ਪਰ ਮਤਵਾਲੇ ਗੁਰ-ਦਰਸ਼ਨ ਦੇ, ਔਂਦੇ ਦਿਸਣ ਵਹੀਰਾਂ ਪਾਈ।

ਅੰਦਰ ਵੜਦਿਆਂ ਪੰਘਰ ਕੇ ਹੋ ਨੀਰ ਵੱਗਦਾ ਪੱਥਰ ਹਿਰਦਾ।
ਦਿਲ ਚੋਂ ਹਉਕੇ ਆਹਾਂ ਉਠਣ, 'ਮਿੱਤਰ' ਤਕ ਕੇ ਉਹ ਚੌਗਿਰਦਾ।

ਬੋਲੇ-ਬਹਿਰੇ ਰਾਜ ਵਿਚ ਹੈ, ਘਟ-ਗਿਣਤੀ ਦੀ ਨਹੀਂ ਸੁਣਾਈ।
ਇਤਿਹਾਸ ਦੇ ਪੰਨੇ ਰੰਗੇ ਜਾਣਗੇ, ਜਦੋਂ ਅਸਲੀਅਤ ਉਘੜ ਕੇ ਆਈ।

ਤਵਾਰੀਖ ਦਸਦੀ ਹੈ ਜ਼ਾਲਮ, ਭੈੜੀ ਮੌਤ ਰਹੇ ਨੇ ਮਰਦੇ।
ਨਿਕਲ ਆਉਂਦੇ ਸੱਚ ਹਮੇਸ਼ਾ, 'ਮਿੱਤਰ' ਪਾੜ ਕੇ ਸੌ ਸੌ ਪੜਦੇ।

---

[ਸਫ਼ਾ ੨੪ ਦੀ ਬਾਕੀ]

ਪੜ੍ਹਦੇ ਹੀ ਦਿਸਦੇ ਹੋ। ਕਿਤਨਾ ਚੰਗਾ ਹੋਵੇ ਆਪ ਇਹ ਸੇਵਾ ਮੈਨੂੰ ਬਖਸ਼ ਦਿਓ।"

"ਬੜੀ ਕਿਰਪਾ ਹੈ ਜੇ ਤੁਸੀਂ ਐਸੀ ਖੇਚਲ ਕਰੋ, ਪਰ ਦਸੋ ਸਿੰਘ ਸਾਹਿਬ, ਕੰਮ-ਕਾਰ ਕੀ ਕਰਦੇ ਹੋ?"

"ਮਹਾਰਾਜ, ਮੈਂ ਗਿਆਨੀ ਹਾਂ ਤੇ ਇਸ ਵਕਤ ਬੇਕਾਰ ਹਾਂ।"

"ਸਿੰਘ ਸਾਹਿਬ, ਮੈਂ ਤਾਂ ਤਨਖ਼ਾਹ ਨਹੀਂ ਦੇ ਸਕਦਾ।"

"ਹਛਾ ਮਹਾਰਾਜ, ਮੈਂ ਐਵੇਂ ਹੀ ਸੇਵਾ ਕਰਾਂਗਾ।"

"ਪਰ ਸਿੰਘ ਸਾਹਿਬ, ਮੇਰੇ ਪਾਸ ਤਾਂ ਛਕਣ ਛਕਾਣ ਨੂੰ ਵੀ ਕੁਝ ਨਹੀਂ ਹੁੰਦਾ।"

"ਮਹਾਰਾਜ, ਆਪ ਵੀ ਤਾਂ ਕੁਝ ਛਕਦੇ ਛਕਾਂਦੇ ਹੋ, ਉਹੀ ਮੈਂ ਵੀ ਖਾ ਪੀ ਲਵਾਂਗਾ।"

"ਹਾਂ ਸਿੰਘ ਸਾਹਿਬ, ਮੈਂ ਤਾਂ ਚਣੇ ਵੀ ਛਕਦਾ ਹਾਂ, ਆਪ ਪ੍ਰਸ਼ਾਦੇ ਸਜਾ ਲੈਂਦਾ ਹਾਂ, ਕਦੀ ਕਦੀ ਬਣਿਆ ਬਣਾਇਆ ਵੀ ਪ੍ਰਾਪਤ ਹੋ ਜਾਂਦਾ ਹੈ ਤੇ ਕਦੀ ਕਦੀ ਕੜਾਕੇ ਵੀ ਦਿਨ ਕਢਦਾ ਹਾਂ। ਜੇ ਮਨਜ਼ੂਰ ਹੈ ਤਾਂ ਮੇਰੇ ਧੰਨ ਭਾਗ ਹੋਣਗੇ। ਜਿਥੇ ਤੁਸੀਂ ਮੇਰੀ ਮਦਦ ਦਵਾਰਾ ਪੰਥ ਦੀ ਸੇਵਾ ਕਰੋਗੇ ਉਥੇ ਆਪਣਾ ਜੀਵਨ ਵੀ ਸਫਲਾ ਕਰੋਗੇ।"

ਇਹ ਸੁਣ ਕੇ ਅਗਲੇ ਨੇ ਨੀਵੀਂ ਪਾ ਲਈ ਤੇ ਚੁਪ ਹੋ ਗਿਆ। ਤਦ ਅਕਾਲੀ ਜੀ ਨੇ ਕਿਹਾ, "ਸਿੰਘ ਸਾਹਿਬ, ਕੋਈ ਗੱਲ ਨਹੀਂ, ਤੁਸੀਂ ਚਿੰਤਾ ਨਾ ਕਰੋ, ਇਹ ਸੇਵਾ ਇਸ ਬੁੱਢੇ ਲਈ ਹੀ ਰਹਿਣ ਦਿਓ।"

---

[ਸਫ਼ਾ ੨੫ ਦੀ ਬਾਕੀ]

ਸਤਿਕਾਰ ਯੋਗ ਇਮਾਰਤ ਤਾਂ ਪੰਥ ਅੱਗੇ ਨਾਲੋਂ ਵੀ ਸ਼ਾਇਦ ਵਾਹਿਗੁਰੂ ਦੀ ਕਿਰਪਾ ਨਾਲ ਜ਼ਿਆਦਾ ਛਬ ਤੇ ਫਬ ਵਾਲੀ, ਅਤੇ ਜਿਸ ਪਵਿੱਤਰ ਨਾਮ ਨਾਲ ਸੰਬੰਧਤ ਹੈ, ਉਸ ਦੇ ਢੁਕਵੇਂ ਜਲੌ ਵਾਲੀ ਬਣਾ ਲਵੇ, ਪਰ ਇਨ ਬਿਨ ਉਹ ਲਾਇਬ੍ਰੇਰੀ ਬਣ ਜਾਵੇ, ਇਹ ਮੇਰੀ ਆਸ ਤੋਂ ਤਾਰਿਆਂ ਨਾਲੋਂ ਵੀ ਦੂਰ ਹੈ। ਇਹ ਕਦੀ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਕਾਰੇ ਨੇ ਰੂਹ ਨੂੰ ਚੀਥਲ ਕੇ ਰਖ ਦਿਤਾ ਹੈ।......

ਦਾਸ ਨੂੰ ਸਿਰਫ਼ ਇਹੋ ਹੀ ਲਾਲਚ ਹੈ ਕਿ ਸਿਖ ਇਤਿਹਾਸ ਵਿਚ ਵਿਰੋਧੀਆਂ ਤੇ ਦੋਖੀਆਂ ਵਲੋਂ, ਤੇ ਕੁਝ ਕੁ ਸਾਡੀ ਆਪਣੀ ਅਣਗਹਿਲੀ ਕਾਰਨ ਜੋ ਖੱਪੇ ਤੇ ਪਾੜੇ ਪੈ ਚੁਕੇ ਹਨ, ਸ਼ਾਇਦ ਉਨ੍ਹਾਂ ਵਿਚੋਂ ਇਕ-ਅਧ ਨੂੰ ਭਰ ਸਕਾਂ ਤੇ ਜੀਵਨ ਸਫ਼ਲਾ ਬਣਾ ਸਕਾਂ। ਇਸ ਮੇਰੇ ਵਰਗੇ ਕੂਕਰ ਨੂੰ ਜੇ ਗੁਰੂ ਦੁਆਰ ਮੂਹਰੇ ਸੰਗਤਾਂ ਦਿਆਂ ਜੋੜਿਆਂ ਵਿਚ ਕੁਝ ਥਾਂ ਮਿਲ ਜਾਵੇ ਤਾਂ, ਫਿਰ ਸੁਰਗਾਂ ਤੇ ਬਹਿਸ਼ਤਾਂ ਦੀ ਕੀ ਲਾਲਸਾ? ਦਾਸ—ਸਵਰਨ ਸਿੰਘ



www.AKJ.Org

# ਪੰਜਾਬ ਦਾ ਮਸਲਾ ਤੇ ਉਸ ਦਾ ਹਲ

[ਸ: ਮਹਿੰਦਰ ਸਿੰਘ ਟੀਚਰ, ਗੁਰੂ ਨਾਨਕ ਫ਼ਿਫ਼ਥ ਸੈਂਚਰੀ ਸਕੂਲ, ਮਸੂਰੀ ਯੂ. ਪੀ.]

ਇਸ ਸੰਬੰਧ ਵਿਚ ਅਖ਼ਬਾਰਾਂ ਵਿਚ ਆਮ ਚਰਚਾ ਰਹਿੰਦੀ ਹੈ । ਨਿਤ ਦਿਹਾੜੇ ਦੀਆਂ ਗੱਲਾਂ ਦੀ ਅਸਲੀਅਤ ਉਘਾੜ ਕੇ ਬੜੇ ਸਰਲ ਜਿਹੇ ਢੰਗ ਨਾਲ ਇਸ ਲੇਖ ਵਿਚ ਦਿਤੀ ਗਈ ਹੈ ਕਿ ਬੜੀ ਮਾਮੂਲੀ ਜਿਹੀ ਗੱਲ ਨੂੰ ਵਧਾ ਕੇ 'ਗੱਲ ਦਾ ਗਲਾਣ' ਬਣਾ ਦਿਤਾ ਗਿਆ ਹੈ ਅਤੇ ਪੰਜਾਬ ਨੂੰ ਤਬਾਹ ਕੀਤਾ ਜਾ ਰਿਹਾ ਹੈ। ਹਿਰਦਾ ਰਤਾ ਵਿਸ਼ਾਲ ਕੀਤਾ ਜਾਵੇ ਅਤੇ ਹੱਕ ਅਤੇ ਇਨਸਾਫ਼ ਤਕੜੀ ਤੇ ਤੋਲ ਕੇ ਦਿਤਾ ਜਾਵੇ ਤਾਂ ਝਗੜਾ ਨਿਪਟ ਜਾਂਦਾ ਹੈ ਅਤੇ ਪੰਜਾਬ ਵਿਚ ਸੁਖ-ਸ਼ਾਂਤੀ ਵਰਤ ਸਕਦੀ ਹੈ ।

—ਸੰਪਾਦਕ

ਜਿਵੇਂ ਰੋਜ਼ ਅਖ਼ਬਾਰਾਂ ਸਾਨੂੰ ਦਸਦੀਆਂ ਹਨ ਕਿ ਪੰਜਾਬ ਦਾ ਮਸਲਾ ਹੁਣ ਕੇਵਲ ਪੰਜਾਬ ਦਾ ਮਸਲਾ ਨਹੀਂ ਰਹਿ ਗਿਆ, ਸਗੋਂ ਪੂਰੇ ਭਾਰਤ ਦਾ ਮਸਲਾ ਬਣ ਗਿਆ ਹੈ । ਅਸਲ ਵਿਚ ਦੇਖਿਆ ਜਾਏ ਤਾਂ ਗੱਲ ਕੁਝ ਵੀ ਨਹੀਂ, ਪਰ ਹੁਣ ਮਸਲਾ ਇਹ ਵਡਾ ਬਣ ਚੁਕਾ ਹੈ, ਤੇ ਦਿਨ ਬਦਿਨ ਹੋਰ ਵਧਦਾ ਤੇ ਭਿਆਨਕ ਸ਼ਕਲ ਇਖ਼ਤਿਆਰ ਕਰਦਾ ਜਾ ਰਹਿਆ ਹੈ, ਜਿਵੇਂ ਅਖ਼ਬਾਰ ਦਸਦੇ ਹਨ ।

ਅਸਲ ਗੱਲ ਕੁਝ ਵੀ ਨਹੀਂ । ਬੜੀ ਮਾਮੂਲੀ ਜਹੀ ਹੈ। ਇਸ਼ ਦਾ ਹਲ ਵੀ ਕੋਈ ਮੁਸ਼ਕਲ ਨਹੀਂ । ਆਉ ਦੇਖੀਏ ਇਹ ਮਸਲਾ ਹੈ ਕੀ ? ਇਸ ਦਾ ਜ਼ਿਮੇਵਾਰ ਕੌਣ ਹੈ ? ਤੇ ਇਸ ਮਸਲੇ ਦਾ ਹਲ ਕੀ ਹੈ ?

ਅਸਲ ਗੱਲ ਕੇਵਲ ਇਤਨੀ ਹੈ ਕਿ ਪੰਜਾਬ ਦੀ ੯੯ ਫ਼ੀ ਸਦੀ ਹਿੰਦੂ ਆਬਾਦੀ ਨੇ, ਜੋ ਸਦੀਆਂ ਤੋਂ ਪੰਜਾਬ ਵਿਚ ਵਸਦੀ ਤੇ ਰਹਿਣ ਵਾਲੀ ਸੀ, ਇਕ-ਜ਼ਬਾਨ ਹੋ ਕੇ ਦਿਨ-ਦੀਵੀਂ ਸ਼ਰ੍ਹੇ-ਆਮ ਝੂਠ ਬੋਲਿਆ, ਕਿ ਪੰਜਾਬੀ ਸਾਡੀ ਮਾਤਰ-ਭਾਸ਼ਾ ਨਹੀਂ ਹੈ । ਤੇ ਕਿਸੇ ਇਕ ਆਦਮੀ ਨੇ ਵੀ ਝੂਠ ਬੋਲਦਿਆਂ ਸ਼ਰਮ ਮਹਿਸੂਸ ਨਹੀਂ ਕੀਤੀ, ਭਾਵੇਂ ਉਹ ਆਪਣੇ ਆਪ ਨੂੰ ਕਿਤਨਾ ਵੀ ਵਡਾ ਤੇ ਮਹਾਨ ਸਮਝਦਾ ਸੀ ।

ਬੰਗਾਲੀ, ਮਦਰਾਸੀ, ਆਸਾਮੀ, ਤਾਮਲ, ਮਲਿਆਲਮ, ਜਰਮਨ, ਰੂਸੀ, ਅੰਗ੍ਰੇਜ਼, ਜਾਪਾਨੀ, ਚੀਨੀ, ਫਰਾਂਸੀਸੀ, ਤੇ ਹੋਰ ਸਭ ਆਪਣੀ ਮਾਤ ਭਾਸ਼ਾ ਨੂੰ ਅੰਤਾਂ ਦਾ ਪਿਆਰ ਕਰਦੇ ਹਨ । ਇਸ ਭਾਸ਼ਾ ਕਾਰਨ ਹੀ ਪਾਕਿਸਤਾਨ ਦੇ ਦੋ ਟੁਕੜੇ ਹੋਏ । ਪਰ ਸਾਰੀ ਦੁਨੀਆ ਵਿਚ ਇਹ ਇਕੋ ਇਕ ਮਿਸਾਲ ਹੈ, ਜਦੋਂ ਕਿਸੇ ਕੌਮ ਨੇ ਫ਼ਿਰਕਾ-ਪ੍ਰਸਤੀ ਦੇ ਕਾਲੇ-ਸਿਆਹ ਰੰਗ ਵਿਚ ਰੰਗ ਕੇ ਇਸ ਤਰ੍ਹਾਂ ਮਾਤ੍ਰੀ ਭਾਸ਼ਾ ਤੋਂ ਇਨਕਾਰ ਕੀਤਾ ਹੋਵੇ ।

ਆਰ. ਐਸ. ਐਸ. ਦੇ ਮੁਖੀ ਗੁਰੂ ਗਵਾਲਕਰ ਜੀ ਦੇ ਇਹ ਲਫ਼ਜ਼ ਹਾਲਾਂ ਤਕ ਕਾਇਮ ਹਨ, "ਤੁਸੀਂ ਝੂਠ ਬੋਲਦੇ ਹੋ, ਤੁਹਾਡੀ ਮਾਤ ਭਾਸ਼ਾ ਪੰਜਾਬੀ ਹੈ ।" ਪੰਜਾਬ ਦੇ ਹਿੰਦੂਆਂ ਦੇ ਮਜਬੂਰ ਕਰਨ ਦੇ ਬਾਵਜੂਦ ਉਹਨਾਂ ਨੇ ਇਹ ਲਫ਼ਜ਼ ਵਾਪਸ ਨਹੀਂ ਲਏ ।

ਪਰ ਇਸ ਭਾਰਤ ਦੀ ਆਖੀ ਜਾਂਦੀ ਧਰਮ-ਨਿਰਪੇਕਸ਼ ਸਰਕਾਰ ਨੇ ਇਸ ਸ਼ਰ੍ਹੇ-ਆਮ ਬੋਲੇ ਗਏ ਝੂਠ ਨੂੰ ੧੯੬੧ ਦੀ ਜਨ-ਗਣਨਾ ਦੁਆਰਾ ਵੇਦ-ਬਾਣੀ ਬਣਾਇਆ । ਇਸ ਸ਼ਰ੍ਹੇ-ਆਮ ਬੋਲੇ ਗਏ ਝੂਠ ਤੇ ਅਧਾਰਤ ਇਸ ਵੇਦ-ਬਾਣੀ ਅਨੁਸਾਰ ਭਾਰਤ ਸਰਕਾਰ ਨੇ ਪੰਜਾਬ ਦੀ ਕਾਣੀ ਵੰਡ ਕੀਤੀ ਤੇ ਇਸ ਫ਼ਿਰਕਾ-ਪ੍ਰਸਤੀ ਦੇ ਅਧੀਨ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਦੂਜੇ ਪ੍ਰਾਂਤਾਂ ਨੂੰ ਦੇ ਦਿਤੇ ਗੁਏ । ਇਥੇ ਹੀ ਬਸ ਨਹੀਂ ਕੀਤੀ, ਪੰਜਾਬ ਨੂੰ ਸਦਾ ਦਬਾਈ ਰਖਣ ਲਈ ਕਈ ਮਦਾਂ ਸਾਂਝੀਆਂ ਕੇਂਦਰ ਦੇ ਅਧੀਨ ਰਖ ਲਈਆਂ ਗਈਆਂ ਕਿ ਜਦੋਂ ਵੀ ਇਹ ਸਿਰ ਉਠਾਣ, ਇਹਨਾਂ ਨੂੰ ਕੁਚਲਿਆ ਜਾ ਸਕੇ ।

ਇਹ ਹੈ ਚੇਹਰਾ ਪੰਜਾਬ ਦੀ ੯੯ ਫ਼ੀ ਸਦੀ ਹਿੰਦੂ ਆਬਾਦੀ ਤੇ ਭਾਰਤ ਦੀ ਸਰਕਾਰ ਦਾ, ਫ਼ਿਰਕਾ-ਪ੍ਰਸਤੀ ਦੇ ਕਾਲੇ-ਸਿਆਹ ਰੰਗ ਵਿਚ ਰੰਗਿਆ ਹੋਇਆ । ਕੋਈ ਹੈ ਜੋ ਇਹਨਾਂ ਦੇ ਚਹਰੇ ਧੋ ਕੇ, ਸਾਫ਼ ਕਰ ਕੇ ਦਿਖਾ



www.AKJ.Org

ਸਕਦਾ ਹੋਵੇ ? ਤੇ ਇਹ ਹੀ ਹਨ ਜ਼ਿਮੇਵਾਰ ਇਸ ਸਾਰੇ ਮਸਲੇ ਦੇ ।

ਇਹ ਗਿਲਾ ਤੇ ਨਰਾਜ਼ਗੀ ਕਿਤਨੇ ਗੁਣਾ ਵਧ ਦਰਦ ਕਰਦੀ ਤੇ ਦੁਖ ਦੇਂਦੀ ਹੈ, ਜਦੋਂ ਇਹ ਯਾਦ ਆਉਂਦੀ ਹੈ ਕਿ ਸਿਖਾਂ ਨੇ ਇਸ ਦੇਸ਼ ਦੀ ਆਜ਼ਾਦੀ ਲਈ ਕਿਤਨੀਆਂ ਵਧ ਚੜ੍ਹ ਕੇ ਕੁਰਬਾਨੀਆਂ ਦਿਤੀਆਂ । ਅੰਗਰੇਜ਼ ਜਾਣ ਲਗਿਆਂ ਥਾਲ ਵਿਚ ਪਾ ਕੇ ਪੰਜਾਬੀ ਸੂਬਾ ਦੇ ਰਹਿਆ ਸੀ, ਅਸੀਂ ਕੇਵਲ ਇਸ ਲਈ ਲੈਣਾ ਪਰਵਾਨ ਨਾ ਕੀਤਾ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਪੂਰੇ ਦਾ ਪੂਰਾ ਬੰਗਾਲ, ਆਸਾਮ, ਤੇ ਸਿੰਧ ਪ੍ਰਾਂਤ ਪਾਕਿਸਤਾਨ ਨੂੰ ਜਾਂਦੇ ਸਨ ਤੇ ਕਸ਼ਮੀਰ ਨੂੰ ਜਾਣ ਦਾ ਰਾਹ ਵੀ ਨਹੀਂ ਸੀ ਮਿਲਦਾ । ਲਾਹੌਰ ਦੇ ਕੇ ਕਲਕਤਾ ਲਿਆ । ਸਾਡੀਆਂ ਵੀ ਆਪਣੀਆਂ ਉਮੰਗਾਂ ਸਨ । ਪਰ ਅਸੀਂ ਕੁਝ ਭਰੋਸਿਆਂ ਤੇ ਦਿਤੇ ਗਏ ਵਿਸ਼ਵਾਸਾਂ ਤੇ ਯਕੀਨ ਕਰ ਕੇ ਦੇਸ਼ ਨੂੰ ਇਤਨਾ ਮਹਾਨ ਤੇ ਵਡਾ ਰਖਣ ਲਈ ਭਾਰਤ ਦਾ ਸਾਥ ਦਿਤਾ । ਇਥੇ ਹੀ ਬਸ ਨਹੀਂ, ਭਾਰਤ ਦੀ ਰਾਜ-ਭਾਸ਼ਾ ਹਿੰਦੀ ਕੇਵਲ ਸਿਖ ਦੀ ਕਾਸਟਿੰਗ ਵੋਟ (ਗਿ: ਗੁਰਮੁਖ ਸਿੰਘ ਮੁਸਾਫਰ) ਨਾਲ ਬਣੀ, ਤੇ ਦੁਖ ਦੀ ਗੱਲ, ਇਹੋ ਹਿੰਦੀ ਹੀ ਸਾਡੀ ਦੁਸ਼ਮਣ ਹੋ ਟਕਰੀ ।

੩੫ ਸਾਲ ਹੋ ਗਏ ਹਨ ਇਨਸਾਫ਼ ਲਈ ਪੁਰ-ਅਮਨ ਐਜੀਟੇਸ਼ਨਾਂ ਕਰਦਿਆਂ । ਭਾਰਤ ਦੀ ਪੂਰੀ ਆਜ਼ਾਦੀ ਦੀ ਲੜਾਈ ਲੜਨ ਵਿਚ ਸ਼ਾਇਦ ਸਾਰੇ ਭਾਰਤ ਨੇ ਰਲ ਕੇ ਵੀ ਇਤਨੀਆਂ ਕੁਰਬਾਨੀਆਂ ਨਹੀਂ ਦਿਤੀਆਂ ਹੋਣੀਆਂ, ਜਿਤਨੀਆਂ ਇਸ ਅਖੌਤੀ ਧਰਰ-ਨਿਰਪੇਕਸ਼ ਭਾਰਤ ਸਰਕਾਰ ਕੋਲੋਂ ਕੇਵਲ ਇਨਸਾਫ਼ ਲੈਣ ਲਈ ਦਿਤੀਆਂ ਜਾ ਚੁਕੀਆਂ ਹਨ ।

ਭਾਰਤ ਸਰਕਾਰ ਦੀ ਇਕੋ ਰਟ ਹੈ ਕਿ ਇਹ ਮਸਲਾ ਗੱਲ-ਬਾਤ ਰਾਹੀਂ ਹੀ ਹਲ ਹੋ ਸਕਦਾ ਹੈ. ਤੇ ਲੈ-ਦੇ ਕਰਨੀ ਪੈਣੀ ਹੈ । ਹੋਰ ਪ੍ਰਾਂਤ ਵੀ ਇਸ ਮਸਲੇ ਵਿਚ ਇਨਵਾਲਵ (ਸ਼ਾਮਲ) ਹਨ ।

ਗੱਲ ਤੇ ਸਾਰੀ ਇਨਸਾਫ਼ ਦੀ ਹੈ ਕਿ ਭਾਰਤ ਸਰਕਾਰ ਸੋਲ੍ਹਾਂ ਆਨੇ ਇਨਸਾਫ ਕਰੇ, ਤਕੜੀ ਤੇ ਤੋਲ ਕੇ ਇਨਸਾਫ ਕਰੇ । ਸਾਨੂੰ ਰਿਆਇਤ ਬਿਲਕੁਲ ਨਹੀਂ ਚਾਹੀਦੀ, ਕੇਵਲ ਇਨਸਾਫ਼ ਚਾਹੀਦਾ ਹੈ । **ਇਨਸਾਫ਼ ਲਈ ਗੱਲਬਾਤ ਦੀ ਜ਼ਰੂਰਤ ਨਹੀਂ ਹੁੰਦੀ, ਹਰ ਕਿਸੇ ਨੇ ਆਪਣਾ ਹੱਕ ਸਾਬਤ ਕਰਨਾ ਹੁੰਦਾ ਹੈ ।**

ਇਲਾਕੇ ਦੇ ਝਗੜੇ ਨੂੰ ਭਾਸ਼ਾਵਾਂ ਦੇ ਮਾਹਿਰ ਹਲ ਕਰਨ, ਕਿ ਕਿਸ ਪਿੰਡ ਦੀ ਮਾਤ੍ਰੀ ਭਾਸ਼ਾ ਕੀ ਹੈ । ਇਸ ਨਿਰਣੇ ਦੇ ਅਧਾਰ ਤੇ ਇਲਾਕੇ ਦਾ ਫ਼ੈਸਲਾ ਹੋਵੇ ।

ਪਾਣੀ ਦਾ ਮਸਲਾ, ਸੁਪਰੀਮ ਕੋਰਟ ਫ਼ੈਸਲਾ ਕਰੇ ਕਿ ਕਿਸ ਦਾ ਕੀ ਹੱਕ ਬਣਦਾ ਹੈ । ਇਨਸਾਫ਼ ਦੇ ਬਾਅਦ ਹੀ ਲੈ-ਦੇ ਦੀ ਗੱਲ ਹੋ ਸਕਦੀ ਹੈ । ਸਿਖ ਵੰਡ ਛਕਣਾ ਜਾਣਦੇ ਹਨ, ਆਪ ਭੁਖੇ ਰਹਿ ਲੈਣਗੇ, ਪਰ ਜ਼ਰੂਰਤ-ਮੰਦ ਦੀ ਜ਼ਰੂਰਤ ਜ਼ਰੂਰ ਪੂਰੀ ਕਰਨਗੇ । ਪਰ ਜੇ ਪਹਿਲਾਂ ਹੀ ਹੱਕ ਮਾਰ ਕੇ ਰਖੇ ਹੋਣ ਤਾਂ ਉਥੇ ਕੋਈ ਕੀ ਕਰੇ ?

ਇਹ ਹੈ ਕੰਡਾ ਜੋ ਪੰਜਾਬ ਦੇ ਪੈਰਾਂ ਵਿਚ ਚੁਭਾ ਦੁਖ ਦੇ ਰਹਿਆ ਹੈ । ਇਹ ਕੰਡਾ ਨਹੀਂ, ਸੇਹ ਦਾ ਤਕਲਾ ਹੈ । ਜਦ ਤਕ ਇਹ ਕੰਡਾ ਨਿਕਲ ਨਹੀਂ ਜਾਂਦਾ, ਦੁਖ ਰਹੇਗਾ ਤੇ ਚਲਣ ਨਹੀਂ ਦਏਗਾ, ਭਾਵੇਂ ਮਖਮਲ ਦੀਆਂ ਜੁੱਤੀਆਂ ਹੀ ਕਿਉਂ ਨਾ ਪਾ ਲਈਆਂ ਜਾਣ । ਪੰਜਾਬ ਵਿਚ ਸ਼ਾਂਤੀ ਹੋ ਨਹੀਂ ਸਕਦੀ । ਸਿਖ ਇਹ ਕਿਵੇਂ ਭੁਲ ਜਾਣ ਕਿ ਇਹਨਾਂ ਸਾਡੇ ਨਾਲ ਦੇ ਜੰਮੇ ਭਰਾਵਾਂ ਨੇ ਸਾਡੇ ਨਾਲ ਇਹ ਕੁਝ ਕੀਤਾ ਹੈ ।

ਇਸ ਕੰਡੇ ਨੂੰ ਨਾਸੂਰ ਬਣਨ ਤੋਂ ਪਹਿਲਾਂ ਕਢ ਦੇਣਾ ਚਾਹੀਦਾ ਹੈ ।

ਸਿਖ ੧ਓ ਦੇ ਪੁਜਾਰੀ ਹਨ । ਭਾਵ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਨੂੰ ਮੰਨਣ ਵਾਲੇ ਹਨ । ਉਹ ਤੇ ਕਿਸੇ ਨਾਲ ਵੀ, ਹਿੰਦੂ ਮੁਸਲਮਾਨ ਅਤੇ ਕਾਲੇ-ਗੋਰੇ ਦਾ ਵੀ ਵਿਤਕਰਾ ਨਹੀਂ ਕਰਦੇ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਜਾਰੀ ਹਨ, ਜਿਥੇ ਸਭ ਬੋਲੀਆਂ ਨੂੰ ਮਾਣ ਤੇ ਆਦਰ ਦਿਤਾ ਗਿਆ ਹੈ । ਜਿਥੇ ਬ੍ਰਾਹਮਣ, ਮੁਸਲਮਾਨ, ਨਾਈ, ਛੀਂਬੇ, ਕਸਾਈ, ਰਾਜੇ ਤੇ ਚਮਾਰ ਆਖੇ ਜਾਂਦੇ, ਸਭ ਨੂੰ ਆਦਰ ਦਿਤਾ ਗਿਆ ਹੈ । ਜਿਥੇ ਭਾਰਤ ਦੇ ਹਰ ਹਿਸੇ ਦੇ ਭਗਤਾਂ ਦੀ ਬਾਣੀ ਸ਼ੋਭਾ ਦੇ ਰਹੀ ਹੈ । ਸਿਖ ਸਭ ਦੇ ਅੰਦਰ ਇਕੋ ਜੋਤਿ ਦੇਖਦੇ ਹਨ ਤੇ



www.AKJ.Org

੨੭ ਸਤੰਬਰ ੧੯੮੪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿਖੇ

*ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ*

# ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਭਾਸ਼ਨ

ਪਰਮ ਸਤਿਕਾਰ ਯੋਗ ਗੁਰੂ ਖਾਲਸਾ ਜੀਉ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਪਾਵਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਉਪਰੰਤ ਆਪ ਸਭ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਪਾਵਨ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਸ਼ਾਨ ਸਾਹਿਬਾਂ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬਿਰਾਜਮਾਨ ਹੋ ।——ਪਿਛਲੇ ਸਮੇਂ ਵਿਚ ਭਾਰਤੀ ਸੈਨਾ ਵਲੋਂ ਸ੍ਰੀ ਦਰਬਾਰ ਸਾਹਿਬ ਤੇ ਚੜ੍ਹਾਈ ਦੌਰਾਨ ਜੋ ਕੁਝ ਵਾਪਰਿਆ ਹੈ ਉਹ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ । ਇਹੋ ਕਾਰਨ ਹੈ ਕਿ ਅੱਜ ਦੁਨੀਆ ਦੇ ਕੋਨੇ ਕੋਨੇ ਵਿਚ ਬੈਠਾ ਸਿੱਖ ਵਾਲ ਵਾਲ ਦੁੱਖੀ ਹੈ ।——ਹੋਰ ਦੁਖਦਾਈ ਗੱਲ ਇਹ ਹੈ ਕਿ ਭਾਰਤੀ ਫੌਜ ਨੇ ਹਮਲੇ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਡਿਊਟੀ ਦਿੰਦੇ ਮੁਲਾਜ਼ਮਾਂ, ਸ਼ਾਂਤਮਈ ਧਰਮਯੁੱਧ ਮੋਰਚੇ ਦੇ ਸਤਿਆਗ੍ਰਹੀਆਂ ਅਤੇ ਯਾਤਰਾ ਕਰਨ ਆਏ ਬੇਗੁਨਾਹ ਤੇ ਮਾਸੂਮ ਲੋਕਾਂ ਤੇ ਵਹਿਸ਼ੀਆਨਾ ਅਤਿਆਚਾਰ ਹੀ ਨਹੀਂ ਕੀਤਾ,ਸਗੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸਿੱਖ ਕੌਮ ਦੇ ਜਜ਼ਬੇ ਜ਼ਖਮੀ ਕਰਨ ਵਾਲੀਆਂ ਹਰਕਤਾਂ ਕੀਤੀਆਂ।

ਹਮਲੇ ਸਮੇਂ ਨਾ-ਕੇਵਲ ਬੇਅੰਤ ਨਿਰਦੋਸ਼ ਬੱਚੇ, ਬੁੱਢੇ, ਬੀਬੀਆਂ ਤੇ ਨੌਜਵਾਨਾਂ ਦਾ ਕਤਲੇਆਮ ਹੀ ਹੋਇਆ, ਸਗੋਂ ਸ੍ਰੀ ਅਕਾਲ ਪੁਰਖ ਦੇ ਤਖ਼ਤ ਨੂੰ ਵੀ ਤੋਪਾਂ ਨਾਲ ਨਸ਼ਟ ਕੀਤਾ ਗਿਆ ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲੀਆਂ ਮਾਰੀਆਂ ਗਈਆਂ ਅਤੇ ਸਿੱਖਾਂ ਦੇ ਮਹਾਨ ਵਿਰਸੇ ਅਤੇ ਸਿੱਖ ਇਤਿਹਾਸ ਦੇ ਅਨਮੋਲ ਖਜ਼ਾਨੇ, ਸਿੱਖ ਰੈਫਰੈਂਸ ਲਾਇਬਰੇਰੀ ਨੂੰ, ਸਮੇਤ ੨੫੦੦ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਅਤੇ ਇਤਿਹਾਸਕ ਦਾਨਣੀ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ । ਇਹ ਸਭ ਕੁਝ ਭਾਰਤ ਵਰਗੇ ਦੇਸ਼ ਦੀ ਫੌਜ ਨੂੰ ਸ਼ੋਭਾ ਨਹੀਂ ਦਿੰਦਾ ।

---

ਸਭ ਨੂੰ ਪਰਮਾਤਮਾ ਦਾ ਰੂਪ ਜਾਣਕੇ ਸਭ ਦਾ ਸਤਿਕਾਰ ਕਰਦੇ ਹਨ । ਸਿਖ ਕੇਵਲ ਨਿਆਂ ਚਾਹੁੰਦੇ ਹਨ । ਹੁਕਮ ਹੈ— "ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ (੧੪੨)

ਜਦ ਤਕ ਨਿਆਂ ਮਿਲਦਾ ਨਹੀਂ, ਇਹ ਅਸ਼ਾਂਤੀ ਮਿਟੇਗੀ ਨਹੀਂ । ਇਹ ਸਿਖ ਦਾ ਧਰਮ ਹੈ ਕਿ ਉਹ ਸੱਚ ਤੇ ਨਿਆਂ ਲਈ ਬੋਲੇ ਤੇ ਲੜੇ । ਜੇ ਉਹ ਸੱਚ ਲਈ ਬੋਲਦਾ ਤੇ ਲੜਦਾ ਨਹੀਂ ਤਾਂ ਉਹ ਕਾਇਰ ਹੈ । ਤੇ ਕਾਇਰ ਦੀ ਸਿਖ ਧਰਮ ਵਿਚ ਕੋਈ ਥਾਂ ਨਹੀਂ, ਤੇ ਨਾ ਹੀ ਕੋਈ ਥਾਂ ਜਾਬਰ ਲਈ ਹੈ । "ਨਿਰਭਉ" ਤੇ "ਨਿਰਵੈਰੁ" ਦਾ ਭਾਵ ਇਹ ਹੀ ਹੈ ।——ਲਿਖਦਿਆਂ ਲਿਖਦਿਆਂ ਹੁਣ ਹੀ ਰੇਡੀਓ ਤੋਂ ਖਬਰ ਆਈ ਹੈ ਕਿ ਰਾਮਾ ਰਾਉ ਜੀ ਨੂੰ ਆਂਧਰਾਂ ਪ੍ਰਦੇਸ਼ ਦਾ ਮੁਖ-ਮੰਤ੍ਰੀ ਬਣਨ ਲਈ ਨਿਮੰਤ੍ਰਣ* ਦਿਤਾ ਗਿਆ ਹੈ । ਇਹ ਹੀ ਇਨਸਾਫ ਤੇ ਨਿਆਂ ਸੀ । ਇਹ ਹੀ ਸੱਚ ਦੀ ਜਿਤ ਹੈ । ਤੇ ਇਹ ਹੀ ਭਾਰਤ ਸਰਕਾਰ ਦੀ ਤੇ ਭਾਰਤ ਦੀ ਜਿੱਤ ਹੈ ।——ਸਿਰਫ ਇਤਨੀ ਹੀ ਗੱਲ ਪੰਜਾਬ ਵਿਚ ਸਰਕਾਰ ਨੇ ਕਰਨੀ ਹੈ ਤੇ ਪੰਜਾਬ ਵਿਚ ਸ਼ਾਂਤੀ ਹੋ ਜਾਣੀ ਹੈ । ਕੇਵਲ ਇਨਸਾਫ ਕਰਨਾ ਹੈ । ਇਨਸਾਫ਼ ਨਾਲ ਹੀ ਇਹ ਕੰਡਾ ਨਿਕਲ ਸਕਦਾ ਹੈ । ਤੇ ਕੇਵਲ ਇਨਸਾਫ਼ ਵਿਚ ਹੀ ਭਾਰਤ ਸਰਕਾਰ ਤੇ ਭਾਰਤ ਦੀ ਜਿਤ ਹੈ ।

ਇਹ ਸਾਰੇ ਤੌਖਲੇ ਜੋ ਅਖ਼ਬਾਰਾਂ ਦਸ ਰਹੀਆਂ ਹਨ, ਖ਼ਤਮ ਹੋ ਜਾਣੇ ਹਨ ਤੇ ਸਾਰੀਆਂ ਚਿੰਤਾਵਾਂ ਤੋਂ ਛੁਟਕਾਰਾ ਮਿਲ ਜਾਏਗਾ । ਗੁਰੂ ਨਾਨਕ ਸਾਹਿਬ ਦਾ ਬਚਨ ਹੈ, "ਰਾਜੇ ਚੁਲੀ ਨਿਆਵ ਕੀ" (ਪੰਨਾ ੧੨੪੦) । ਭਾਵ ਰਾਜ ਦਾ ਮੁਖ ਉਜਲਾ ਤਾਂ ਹੁੰਦਾ ਹੈ ਜੇ ਉਹ ਨਿਆਂ ਕਰੇ । ਗੱਲ ਤੇ ਕੇਵਲ ਨਿਆਂ ਦੀ ਹੈ । ਇਹ ਇਨਸਾਫ਼ ਮਿਲਣ ਤੇ ਹੀ, ਹਿੰਦੂ ਸਿਖ ਭਰਾਵਾਂ ਵਾਂਗ ਰਹਿ ਸਕਣਗੇ । ਸਿਖ ਦੁਨੀਆ ਨੂੰ ਭੈਣ ਭਰਾਵਾਂ ਵਾਂਗ ਸਮਝਦਾ ਹੈ, ਹਿੰਦੂਆਂ ਨਾਲ ਤੇ ਸਾਡਾ ਨਹੁੰ ਮਾਸ ਦਾ ਰਿਸ਼ਤਾ ਹੈ ।

*ਰਾਮਾ ਰਾਉ ਜੀ ਆਪਣੇ ਬਹੁ-ਮਤ ਕਰਕੇ ਦੁਬਾਰਾ ਮੁਖ-ਮੰਤ੍ਰੀ ਬਣ ਗਏ ਹਨ । (ਸੰਪਾਦਕ)



www.AKJ.Org

ਪ੍ਰਗਟ ਤੌਰ ਸਿੱਖਾਂ ਦੇ ਜ਼ਖਮਾਂ ਤੇ ਮਲ੍ਹਮ ਲਾਉਣ ਦੀਆਂ ਗੱਲਾਂ ਬਹੁਤ ਕੀਤੀਆਂ ਗਈਆਂ, ਪਰ ਫੌਜ ਵਲੋਂ ਜੋ ਤਸ਼ੱਦਦ ਅੱਜ ਵੀ ਪਿੰਡਾਂ ਵਿਚ ਬੇਗੁਨਾਹ ਤੇ ਮਾਸੂਮ ਸਿੱਖ ਨੌਜਵਾਨਾਂ ਤੇ ਹੋ ਰਿਹਾ ਹੈ ਅਤੇ ਝੂਠੇ ਪੁਲੀਸ-ਮੁਕਾਬਲਿਆਂ ਰਾਹੀਂ ਉਹਨਾਂ ਦਾ ਕਤਲੇਆਮ ਹੋ ਰਿਹਾ ਹੈ, ਉਹ ਮਲ੍ਹਮ ਲਾਉਣ ਵਾਲਾ ਨਹੀਂ, ਸਗੋਂ ਸਿੱਖਾਂ ਦੇ ਜ਼ਖਮਾਂ ਤੇ ਨਮਕ ਛਿੜਕਣ ਦੀ ਨਿਆਈਂ ਹੈ ।—ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਜੋ ਕਿ ਸਿੱਖ ਵਿਦਿਆਰਥੀਆਂ ਦੀ ਜਥੇਬੰਦੀ ਹੈ, ਤੋਂ ਪਾਬੰਦੀ ਤੁਰੰਤ ਹਟਾ ਕੇ ਸਿੱਖ ਵਿਦਿਆਰਥੀਆਂ ਤੇ ਯੂਥਵਿੰਗ ਸ਼੍ਰੋਮਣੀ ਅਕਾਲੀ ਦੱਲ ਦੇ ਵਰਕਰਾਂ ਤੋਂ ਝੂਠੇ ਕੇਸ ਵਾਪਿਸ ਲੈ ਲੈਣੇ ਚਾਹੀਦੇ ਹਨ ਤੇ ਉਹਨਾਂ ਨੂੰ ਰਿਹਾ ਕੀਤਾ ਜਾਵੇ ।—ਮੈਨੂੰ ਸਖਤ ਅਫਸੋਸ ਹੈ ਕਿ ਅੱਜ ਭਾਰਤ ਦਾ ਰਾਸ਼ਟਰਪਤੀ ਸਿੱਖ ਹੋਣ ਦੇ ਬਾਵਜੂਦ, ਫੌਜਾਂ ਵਿਚ ਇਕ ਸਰਕੂਲਰ ਜਾਰੀ ਕੀਤਾ ਗਿਆ ਹੈ ਜਿਸ ਵਿਚ ਹਰ ਅੰਮ੍ਰਿਤਧਾਰੀ ਸਿੱਖ ਨੂੰ ਅਤਿਵਾਦੀ ਕਿਹਾ ਗਿਆ ਹੈ । ਇਹ ਇਕ ਅਜਿਹਾ ਸਰਕੂਲਰ ਹੈ ਜੋ ਭਾਰਤੀ ਸੰਵਿਧਾਨ ਵਲੋਂ ਮਿਲੀ "ਧਰਮ ਦੀ ਅਜ਼ਾਦੀ" ਦੇ ਵਿਪਰੀਤ ਅਤੇ ਸੰਵਿਧਾਨ ਦਾ ਸਿੱਧਾ ਉਲੰਘਣ ਹੈ । ਇਸ ਸਰਕੂਲਰ ਨੇ ਦੇਸ਼ ਦੀ ਵੰਡ ਸਮੇਂ ਸਿੱਖਾਂ ਨੂੰ 'ਜਰਾਇਮ ਪੇਸ਼ਾ' ਕਹਿਣ ਵਾਲੇ ਸਰਕੂਲਰ ਦੀ ਯਾਦ ਤਾਜ਼ਾ ਕਰ ਦਿੱਤੀ ਹੈ ।—ਸਾਰਾ ਸੰਸਾਰ ਜਾਣਦਾ ਹੈ ਕਿ ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਸਿੱਖ ਕੌਮ ਨੇ ਮਹਾਨ ਯੋਗਦਾਨ ਪਾਇਆ ਹੈ । ਪਰ ਅਫ਼ਸੋਸ ਹੈ ਕਿ ਅੱਜ ਹਰ ਸਿੱਖ ਨੂੰ ਅੱਤਵਾਦੀ ਅਤੇ ਵੱਖਵਾਦੀ ਆਖ ਕੇ ਭੰਡਿਆ ਜਾ ਰਿਹਾ ਹੈ ਅਤੇ ਇਸ ਲਈ ਸਰਕਾਰੀ ਪਰਚਾਰ-ਸਾਧਨਾਂ ਰੇਡੀਉ, ਟੀ. ਵੀ. ਆਦਿ ਦੀ ਖੁਲ੍ਹੀ ਦੁਰਵਰਤੋਂ ਕੀਤੀ ਗਈ ਹੈ ।

ਸਿੱਖ ਫ਼ੌਜੀ, ਭਾਰਤੀ ਫ਼ੌਜ ਦਾ ਸ਼ਿੰਗਾਰ ਰਹੇ ਹਨ ਅਤੇ ਇਨ੍ਹਾਂ ਦੀ ਬਹਾਦਰੀ ਦੁਨੀਆ ਭਰ ਵਿਚ ਪ੍ਰਸਿਧ ਹੈ । ਪਰ ਅੱਜ ਹਰ ਸਿੱਖ ਫ਼ੌਜੀ ਜਵਾਨ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਿਆ ਜਾ ਰਿਹਾ ਹੈ । ਭਾਰਤ ਸਰਕਾਰ ਵਲੋਂ ਸਿੱਖਾਂ ਪ੍ਰਤੀ ਲਗਾਤਾਰ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ । ਅੱਜ ਵੀ ਫ਼ੌਜ ਅਤੇ ਪੁਲੀਸ ਗੁਰਦੁਆਰਿਆਂ ਵਿਚੋਂ ਅਤੇ ਪਿੰਡਾਂ ਵਿਚੋਂ ਚੁੱਣ ਚੁੱਣ ਕੇ ਸਿੱਖਾਂ ਨੂੰ ਗ੍ਰਿਫਤਾਰ ਕਰ ਰਹੀ ਹੈ । ਇਹ ਤੁਰੰਤ ਬੰਦ ਹੋਣਾ ਚਾਹੀਦਾ ਹੈ ਅਤੇ ਹੁਣ ਤੱਕ ਗ੍ਰਿਫ਼ਤਾਰ ਕੀਤੇ ਗਏ ਸਾਰੇ ਵਿਅਕਤੀ ਰਿਹਾ ਕੀਤੇ ਜਾਣੇ ਚਾਹੀਦੇ ਹਨ । ਮੈਨੂੰ ਹੋਰ ਵੀ ਅਫ਼ਸੋਸ ਹੈ ਕਿ ਭਾਰਤ ਸਰਕਾਰ ਨੇ ਕਦਮ ਕਦਮ ਤੇ ਸਿੱਖਾਂ ਦੀਆਂ ਧਾਰਮਿਕ ਰਹੁ-ਰੀਤਾਂ, ਪਰੰਪਰਾਵਾਂ ਤੇ ਮਰਯਾਦਾ ਦਾ ਉਲੰਘਣ ਕਰ ਕੇ ਸਿੱਖਾਂ ਦੇ ਜਜ਼ਬਾਤ ਨੂੰ ਠੇਸ ਪਹੁੰਚਾਈ ਹੈ ਅਤੇ ਇਹ ਅਮਲ ਅਜੇ ਵੀ ਜਾਰੀ ਹੈ ।—ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇ ਸਰਕਾਰ ਦਾ ਸਿੱਖਾਂ ਪ੍ਰਤੀ ਇਹ ਹੀ ਰਵੱਈਆਂ ਰਿਹਾ ਅਤੇ ਸਿੱਖਾਂ ਨੂੰ ਇਸੇ ਤਰ੍ਹਾਂ ਜ਼ਲੀਲ ਕਰਨ ਦੀ ਕੋਸ਼ਿਸ਼ ਜਾਰੀ ਰਹੀ ਤਾਂ ਇਸ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਭਾਰੀ ਖ਼ਤਰਾ ਪੈਦਾ ਹੋ ਜਾਵੇਗਾ । ਜਦੋਂ ਕਿ ਹੁਣ ਤੱਕ ਸਿੱਖਾਂ ਨੇ ਦੇਸ਼ ਦੀ ਏਕਤਾ ਨੂੰ ਕਾਇਮ ਰਖਣ ਲਈ ਭਾਰੀ ਮੁੱਲ ਚੁਕਾਇਆ ਹੈ । ਉਹਨਾਂ ਬਹਾਦਰ ਸਿੱਖ ਫ਼ੌਜੀਆਂ, ਜਿਨ੍ਹਾਂ ਨੇ ਦੇਸ਼ ਦੀ ਇੱਜ਼ਤ ਆਬਰੂ ਲਈ ਹਮੇਸ਼ਾ ਜਾਨ ਦੀ ਬਾਜ਼ੀ ਲਾਈ ਤੇ ਸ੍ਰੀ ਦਰਬਾਰ ਸਾਹਿਬ ਉਤੇ ਹਮਲੇ ਵਿਰੁੱਧ ਰੋਸ ਪ੍ਰਗਟਾਇਆ ਹੈ, ਉਤੇ ਚਲਾਏ ਗਏ ਕੇਸ ਤੁਰੰਤ ਵਾਪਸ ਲਏ ਜਾਣ ।—ਸ੍ਰੀ ਦਰਬਾਰ ਸਾਹਿਬ ਤੇ ਹਮਲੇ ਸਮੇਂ ਜਿੱਥੇ ਬਹੁਤ ਸਾਰੇ ਲੋਕ ਫ਼ੌਜੀਆਂ ਦੀ ਅੰਨ੍ਹੀ ਲੁੱਟ ਦਾ ਸ਼ਿਕਾਰ ਹੋਏ ਹਨ,ਉਥੇ ਬਹੁਤ ਸਾਰੇ ਲੋਕਾਂ ਦੇ ਘਰ ਘਾਟ ਤੇ ਦੁਕਾਨਾਂ ਵੀ ਤਬਾਹ ਹੋ ਗਏ ਹਨ । ਇਹਨਾ ਸਮੂੰਹ ਲੋਕਾ ਦੀ ਸਾਰ ਲੈਣੀ ਸਰਕਾਰ ਦੀ ਜ਼ਿੰਮੇਵਾਰੀ ਹੈ । ਪੰਜਾਬ, ਦਿੱਲੀ, ਜੰਮੂ ਕਸ਼ਮੀਰ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਸਿੱਖ ਨੌਜਵਾਨਾਂ ਤੇ ਜੋ ਜ਼ੁਲਮ ਅਤੇ ਜ਼ਬਰ ਹੋ ਰਿਹਾ ਹੈ ਅਤੇ ਉਹਨਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਕੇ ਵੀ ਤਸੀਹੇ ਦਿੱਤੇ ਜਾ ਰਹੇ ਹਨ, ਉਹ ਬੰਦ ਹੋਣੇ ਚਾਹੀਦੇ ਹਨ ਅਤੇ ਨਵੇਂ ਬਣਾਏ ਗਏ ਕਾਲੇ ਕਾਨੂੰਨ (ਸੋਧਿਆ ਨਜ਼ਰਬੰਦੀ ਐਕਟ) ਅਤੇ ਸਪੈਸ਼ਲ ਅਦਾਲਤਾਂ ਰੱਦ ਕੀਤੀਆਂ ਜਾਣ । ਸਿੱਖਾਂ ਨਾਲ ਜੋ ਬੇਇਨਸਾਫ਼ੀ ਤੇ ਵਿਤਕਰਾ ਭਾਰਤ ਸਰਕਾਰ ਵਲੋਂ ਲਗਾਤਾਰ ਕੀਤਾ ਜਾ ਰਿਹਾ ਹੈ, ਉਹ ਤੁਰੰਤ ਬੰਦ ਹੋਣਾ ਚਾਹੀਦਾ ਹੈ, ਇਹ ਪੰਜਾਬ ਤੇ ਦੇਸ਼ ਵਿਚ ਅਮਨ ਤੇ ਆਪਸੀ ਏਕਤਾ ਦੀ ਬਹਾਲੀ ਲਈ ਅਤੀ ਜ਼ਰੂਰੀ ਹੈ ।

---

**ਦੋ ਸ੍ਰੀ ਸਾਹਿਬਾਂ**—ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ ਵਲੋਂ ਭਾਈ ਪਰਮਜੀਤ ਸਿੰਘ ਬੇਨਤੀ ਕਰਦੇ ਹਨ ਕਿ ਜੂਨ ਦੇ ਸ਼ਹੀਦੀ ਸਮਾਗਮ ਅੰਮ੍ਰਿਤ ਸਿੰਚਾਰ ਵਾਲੀਆਂ ਦੋ ਸ੍ਰੀ ਸਾਹਿਬਾਂ ਕੋਈ ਸਿੰਘ ਭੁਲੇਖੇ ਨਾਲ ਲੈ ਗਿਆ ਹੈ । ਉਹ ਜਲਦੀ ਭੇਜੋ ਜੀ, ਕਿਉਂਕਿ ਮਾਂਗਵੀਆਂ ਲਿਆਂਦੀਆਂ ਹੋਈਆਂ ਸਨ ।

www.AKJ.Org

# ਧੰਨਵਾਦ ਦਿਵਸ 'ਤੇ ਹੁਲੜਬਾਜ਼ੀ

[ਵਿਸ਼ੇਸ਼ ਰੀਪੋਰਟਰ, ਸੰਤ ਸਿਪਾਹੀ, ਅੰਮ੍ਰਿਤਸਰ]

ਪਹਿਲੀ ਅਕਤੂਬਰ ਨੂੰ ਪੰਜਾਂ ਸਿੰਘ ਸਾਹਿਬਾਨ ਨੇ ਧੰਨਵਾਦ ਦਿਵਸ ਮਨਾਉਣ ਦਾ ਐਲਾਨ ਕੀਤਾ ਸੀ। ਇਸ ਸੰਬੰਧ ਵਿਚ ੨੯ ਸਤੰਬਰ ਨੂੰ ਅਖੰਡਪਾਠ ਸ਼ੁਰੂ ਕਰ ਦਿਤਾ ਗਿਆ। ਇਹ ਅਖੰਡਪਾਠ ਗੁਰੂ ਦੇ ਸ਼ੁਕਰਾਨੇ ਵਜੋਂ ਕੀਤਾ ਜਾ ਰਿਹਾ ਸੀ ਕਿ ਵਾਹਿਗੁਰੂ ਦੀ ਅਪਾਰ ਕ੍ਰਿਪਾ ਨਾਲ ਚਾਰ ਮਹੀਨੇ ਬਾਅਦ ਗੁਰੂ ਦੀਆਂ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਖੁਲ੍ਹੇ ਦਰਸ਼ਨ ਦਿਦਾਰੇ ਨਸੀਬ ਹੋਏ ਸਨ। ਇਸ ਤੋਂ ਪਹਿਲਾਂ ੨ ਸਤੰਬਰ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਬੁਲਾਈ ਗਈ ਸਰਬ ਸੰਸਾਰ ਸਿੱਖ ਕਨਵੈਨਸ਼ਨ ਵਿਚ ਸਿੰਘ ਸਾਹਿਬਾਨ ਨੂੰ ਅਧਿਕਾਰ ਦਿੱਤਾ ਗਿਆ ਸੀ ਕਿ ਉਹ ਦਰਬਾਰ ਸਾਹਿਬ ਨੂੰ ਫੌਜੀ ਕਬਜ਼ੇ ਤੋਂ ਮੁਕਤ ਕਰਨ ਲਈ ਕਾਰਵਾਈ ਕਰਨ ਤੇ ਸਿੰਘ ਸਾਹਿਬਾਂ ਨੇ ਐਲਾਨ ਕੀਤਾ ਸੀ ਕਿ ਜੇ ਫੌਜ ੩੦ ਸਤੰਬਰ ਤਕ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਬਾਹਰ ਨਾ ਨਿਕਲ ਗਈ ਤਾਂ ਪਹਿਲੀ ਅਕਤੂਬਰ ਨੂੰ ਸਿੰਘ ਸਾਹਿਬਾਨ ਦਰਬਾਰ ਸਾਹਿਬ ਨੂੰ ਅਜ਼ਾਦ ਕਰਵਾਉਣ ਲਈ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਗੁਰਦੁਆਰੇ ਤੋਂ ਦਰਬਾਰ ਸਾਹਿਬ ਨੂੰ ਮਾਰਚ ਕਰਨਗੇ।

ਇਸ ਐਲਾਨ ਸਮੇਂ ਵੀ ਆਮ ਸੰਗਤਾਂ ਵਿਚ ਥੋਹੜੀ ਮਾਯੂਸੀ ਸੀ ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਮਿਆਦ ਬਹੁਤ ਲੰਮੀ ਦਿੱਤੀ ਜਾ ਰਹੀ ਹੈ। ਇਸ ਐਲਾਨ ਸਮੇਂ ਸੰਗਤ ਪੰਡਾਲ ਵਿਚੋਂ ਉਠਣੀ ਸ਼ੁਰੂ ਹੋ ਗਈ ਸੀ। ਮੁੜ ਸੰਗਤ ਨੂੰ ਗਿਆਨੀ ਪੂਰਨ ਸਿੰਘ ਜੀ ਨੇ ਕੰਟਰੋਲ ਵਿਚ ਲਿਆਂਦਾ ਸੀ ਤੇ ਇਹ ਵੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਪ੍ਰਤੀ ਜ਼ਿੰਦਾ ਹੋਣ ਦੀ ਕਥਾ ਕਹਾਣੀ ਸ਼ੁਰੂ ਕਰਕੇ। ਉਸ ਕਨਵੈਨਸ਼ਨ ਵਿਚ ਵੀ ਕੁਝ ਨੌਜੁਆਨਾਂ ਨੇ ਸ਼ਹੀਦ ਬਾਬਾ ਦੀਪ ਸਿੰਘ ਚੋਕ ਵਿਚ ਖ਼ਾਲਿਸਤਾਨੀ ਝੰਡਾ ਲਹਿਰਾਇਆ ਸੀ। ਖ਼ਾਲਿਸਤਾਨ ਜ਼ਿੰਦਾਬਾਦ ਤੇ "ਸੰਤ ਭਿੰਡਰਾਂਵਾਲੇ ਜ਼ਿੰਦਾਬਾਦ" ਦੇ ਵੀ ਨਾਹਰੇ ਲੱਗੇ ਸਨ।

ਸਿੰਘ ਸਾਹਿਬਾਨ ਦਾ ਜੋ ਸਮਝੌਤਾ ਸਰਕਾਰ ਨਾਲ ਹੋਇਆ ਹੈ ਜਾਂ ਇੰਜ ਆਖੀਏ ਕਿ ਜੋ ਸਮਝੌਤਾ ਅਕਾਲੀ ਲੀਡਰਸ਼ਿਪ ਨੇ ਸਰਕਾਰ ਨਾਲ ਕਰਕੇ ਸਿੰਘ ਸਾਹਿਬਾਨ ਦੀ ਉਸ ਉਤੇ ਮੋਹਰ ਲਗਵਾਈ ਹੈ, ਉਹ ਗੁਪਤ ਰਖਿਆ ਗਿਆ ਹੈ। ਅਖਬਾਰਾਂ ਵਿਚ ਛਪੀਆਂ ਖ਼ਬਰਾਂ ਤੋਂ ਇੰਜ ਭਾਸਦਾ ਹੈ ਕਿ ਸਿੰਘ ਸਾਹਿਬਾਨ ਨੇ ਸਰਕਾਰ ਨੂੰ ਯਕੀਨ ਦਿਵਾਇਆ ਹੈ ਕਿ ਜੇ ਦਰਬਾਰ ਸਾਹਿਬ ਕੰਪਲੈਕਸ ਉਨ੍ਹਾਂ ਨੂੰ ਦੇ ਦਿਤਾ ਜਾਵੇ ਤਾਂ ਉਹ ਇਥੇ ਰਾਜਸੀ ਤੇ ਖ਼ਾਲਿਸਤਾਨੀ ਸਰਗਰਮੀਆਂ ਨਹੀਂ ਹੋਣ ਦੇਣਗੇ। ਜੇ ਅਖ਼ਬਾਰਾਂ ਵਾਲਿਆਂ ਵਲੋਂ ਦਿੱਤਾ ਗਿਆ ਇਹ ਪ੍ਰਭਾਵ ਗ਼ਲਤ ਹੈ ਤਾਂ ਸਿੰਘ ਸਾਹਿਬ ਵਲੋਂ ਇਸ ਪ੍ਰਭਾਵ ਨੂੰ ਦੂਰ ਕਰਨ ਲਈ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਇਸਦੇ ਉਲਟ ਇਹ ਬਿਆਨ ਦਿਤੇ ਗਏ ਜਿਨ੍ਹਾਂ ਤੋਂ ਇਹ ਪ੍ਰਭਾਵ ਵਧਦਾ ਹੈ, ਜਿਸ ਤਰ੍ਹਾਂ ਕਿ ਕਿਹਾ ਗਿਆ ਕਿ ਦਰਬਾਰ ਸਾਹਿਬ ਅੰਦਰ ਰਵਾਇਤੀ ਹਥਿਆਰਾਂ ਤੋਂ ਬਿਨਾਂ ਦੂਜੇ ਹਥਿਆਰ ਨਹੀਂ ਲਿਜਾਣ ਦਿਤੇ ਜਾਣਗੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਨੀ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮਨਾਮੇ ਮੌਜੂਦ ਹਨ, ਜਿਨ੍ਹਾਂ ਵਿਚ ਇਹ ਲਿਖਿਆ ਹੋਇਆ ਹੈ ਕਿ ਮੇਰੇ ਸਨਮੁਖ ਹਰ ਸਿੱਖ ਤਿਆਰ-ਬਰ-ਤਿਆਰ ਸ਼ਸ਼ਤਰ ਸਜਾ ਕੇ ਆਵੇ। ਸਿੱਖੀ ਸਿਧਾਂਤ ਅਨੁਸਾਰ ਬਸਤਰਾਂ ਵਾਂਗ ਸ਼ਸ਼ਤਰ ਵੀ ਸਿੰਘਾਂ ਦਾ ਇਕ ਸ਼ਿੰਗਾਰ ਹੀ ਹਨ। ੧੯੪੭ ਦੇ ਫ਼ਸਾਦਾਂ ਵਿਚ ਦਰਬਾਰ ਸਾਹਿਬ ਦੀ ਰੱਖਿਆ ਲਈ ਇਥੇ ਹਰ ਕਿਸਮ ਦਾ ਜਾਇਜ਼ ਨਜਾਇਜ਼ ਅਸਲਾ ਇਕੱਠਾ ਕੀਤਾ ਗਿਆ ਸੀ। ਵੱਡੇ ਵੱਡੇ ਕਾਂਗਰਸੀ ਤੇਜਾ ਸਿੰਘ ਸਮੁੰਦਰੀ ਹਾਲ ਤੇ ਗੁਰੂ ਰਾਮਦਾਸ ਨਿਵਾਸ ਤੋਂ ਆਪਣੀ ਰੱਖਿਆ ਲਈ ਅਸਲਾ ਤੇ ਬੰਬ ਖੜਿਆ ਕਰਦੇ ਸਨ। ਇਸ ਕਰਕੇ ਦਰਬਾਰ ਸਾਹਿਬ ਅਸਲਾ ਨਾ ਆਉਣ ਦੀ ਗੱਲ ਆਮ ਸਿੱਖਾਂ ਨੂੰ ਇਕ ਵਾਧੂ ਜੇਹੀ ਸ਼ਰਤ ਮੰਨਣ ਦੇ ਬਰਾਬਰ ਲਗਦੀ ਹੈ। ਨਜਾਇਜ਼ ਅਸਲਾ ਰੋਕਣਾ ਸਰਕਾਰ ਦਾ ਕੰਮ ਹੈ। ਜੇ ਸਰਕਾਰ ਨਾ ਚਾਵ੍ਹੇ ਤਾਂ ਦਰਬਾਰ ਸਾਹਿਬ ਅਸਲਾ ਨਹੀਂ ਇਕੱਠਾ ਹੋ ਸਕਦਾ। ਬਾਕੀ ਦੇ ਗੁਰਦੁਆਰੇ, ਜਿਥੋਂ ਫੌਜੀ ਕਾਰਵਾਈ ਤੋਂ ਬਾਅਦ ਫੌਜ ਕੱਢ ਲਈ ਗਈ ਹੈ, ਕੀ ਉਥੇ ਹੁਣ ਨਜਾਇਜ਼ ਅਸਲਾ ਇਕੱਠਾ ਹੋ ਗਿਆ ਹੈ? ਜੇ ਨਹੀਂ ਤਾਂ ਹੁਣ ਇਹ ਸ਼ਰਤ ਕਿਉਂ ਰੱਖੀ ਗਈ? ਸਰਕਾਰ ਨੇ ਇਹ ਸ਼ਰਤ ਸਿਰਫ ਆਪਣਾ ਗੋਡਾ ਉਤੇ ਰੱਖਣ ਵਾਸਤੇ ਹੀ ਲਾਈ ਹੈ, ਇਸ ਤੋਂ ਬਿਨਾਂ ਇਸ



www.AKJ.Org

ਸ਼ਰਤ ਦੇ ਕੋਈ ਅਰਥ ਨਹੀਂ ਹਨ।——ਇਸ ਤੋਂ ਇਲਾਵਾ ਸਿੰਘ ਸਾਹਿਬਾਨ ਉਤੇ ਆਮ ਸਿੱਖ ਇਹ ਵੀ ਕਿੰਤੂ ਕਰਦੇ ਹਨ ਕਿ ਸਰਬ ਸੰਸਾਰ ਸਿੱਖ ਕਨਵੈਨਸ਼ਨ ਵਿਚ ਗਿਆਨੀ ਜ਼ੈਲ ਸਿੰਘ ਨੂੰ ਤਨਖਾਹੀਆ ਕਰਾਰ ਦੇਣ ਤੋਂ ਬਾਅਦ ਉਸ ਨੂੰ ਅਕਾਲ ਤਖ਼ਤ ਸਾਹਿਬ ਹਾਜ਼ਰ ਕੀਤੇ ਤੋਂ ਬਿਨਾਂ ਕਿਸ ਤਰ੍ਹਾਂ ਮਾਫ ਕਰ ਦਿੱਤਾ ਗਿਆ ਹੈ? ਅੱਗੇ ਕਦੀ ਕਿਸੇ ਸਿੱਖ ਨੂੰ ਇਸ ਤਰ੍ਹਾਂ ਹਾਜ਼ਰ ਹੋਣੇ ਤੋਂ ਬਿਨਾਂ ਕਦੀ ਮਾਫੀ ਨਹੀਂ ਦਿਤੀ ਗਈ, ਜਦੋਂ ਕਿ ਗਿਆਨੀ ਜ਼ੈਲ ਸਿੰਘ ਉਤੇ ਸ੍ਰੀ ਅਕਾਲ ਤਖ਼ਤ ਸਾਹਿਬ ਢਾਹੁਣ ਦੀ ਜ਼ਿੰਮੇਵਾਰੀ ਆਉਂਦੀ ਹੈ। ਫਿਰ ਗਿਆਨੀ ਜ਼ੈਲ ਸਿੰਘ ਨੇ ਕੋਈ ਲਿਖਤੀ ਸਪਸ਼ਟੀਕਰਨ ਵੀ ਨਹੀਂ ਦਿੱਤਾ। ਜੇ ਕੋਈ ਦਿੱਤਾ ਹੈ ਤਾਂ ਸੰਗਤਾਂ ਦੇ ਸਾਹਮਣੇ ਆਉਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਭਾਵੇਂ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਲੰਗਰ ਦੀ ਇਮਾਰਤ ਪੰਥ ਦੇ ਹਵਾਲੇ ਕਰ ਦਿੱਤੀ ਸੀ ਪਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਫ਼ਤਰ ਤੇ ਸਾਰੀਆਂ ਸਰਾਵਾਂ ਉਤੇ ਹਾਲੀਂ ਵੀ ਨੀਮ ਫ਼ੌਜੀ ਜਥੇਬੰਦੀਆਂ ਦਾ ਕਬਜ਼ਾ ਸੀ। ਇਸ ਕਰਕੇ ਆਮ ਲੋਕਾਂ ਨੂੰ ਅੰਦਰ ਹੋਏ ਕਿਸੇ ਸਮਝੌਤੇ ਉਤੇ ਤਸੱਲੀ ਨਹੀਂ ਸੀ। ਸ਼ਹੀਦ ਬਾਬਾ ਦੀਪ ਸਿੰਘ ਦੇ ਗੁਰਦੁਆਰੇ ਦੋ ਦਿਨ ਪਹਿਲਾਂ ਹੀ ਲੋਕ ਟੋਲੀਆਂ ਬਣਾ ਕੇ ਘੁਸਰ ਮੁਸਰ ਕਰ ਰਹੇ ਸਨ। ਇਸ ਕਰਕੇ ਪ੍ਰਬੰਧਕਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਕੁਝ ਨਾ ਕੁਝ ਜ਼ਰੂਰ ਹੋਵੇਗਾ। ਸੋਟੀਆਂ ਵਾਲੇ ਸੇਵਾਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਲੱਗੇ ਹੋਏ ਨਿਸ਼ਾਨ ਸਾਹਿਬਾਂ ਕੋਲ ਸਨ ਤੇ ਕੁਝ ਇਧਰ ਉਧਰ ਖਿੰਡੇ ਹੋਏ ਸਨ। ਉਨ੍ਹਾਂ ਦੀਆਂ ਬਾਹਵਾਂ ਉਤੇ ਨਵੇਂ ਹੀ ਸੇਵਾਦਾਰ ਲਿਖ ਕੇ ਪਟੇ ਲਗਾਏ ਹੋਏ ਸਨ। ਸਭ ਤੋਂ ਪਹਿਲਾਂ ਸਿੰਘ ਸਹਿਬ ਗਿਆਨੀ ਸਾਹਿਬ ਸਿੰਘ ਜੀ ਬੋਲੇ, ਫਿਰ ਗਿਆਨੀ ਕ੍ਰਿਪਾਲ ਸਿੰਘ ਜੀ ਤੇ ਫਿਰ ਸੰਤ ਲਖਾ ਸਿੰਘ ਜੀ ਬੋਲੇ। ਪਰ ਕਿਸੇ ਨੇ ਵੀ ਮੌਜੂਦਾ ਪੰਥਕ ਸਥਿਤੀ ਬਾਰੇ ਇਕ ਲਫਜ਼ ਵੀ ਨਾ ਕਿਹਾ। ਸਿੰਘ ਸਾਹਿਬ ਗਿ: ਸਾਹਿਬ ਸਿੰਘ ਜੀ ਨੇ ਕਿਹਾ ਕਿ ਪੰਜਾਂ ਸਿੰਘ ਸਾਹਿਬਾਨ ਦਾ ਫ਼ੈਸਲਾ ਹੈ ਕਿ ਸਿਰਫ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਤੋਂ ਬਿਨਾਂ ਕੋਈ ਹੋਰ ਨਾਅਰਾ ਨਾ ਲਗਾਇਆ ਜਾਵੇ। ਇਹ ਵੀ ਗੱਲ ਆਮ ਲੋਕਾਂ ਨੂੰ ਚੰਗੀ ਨਾ ਲੱਗੀ।

ਜਦੋਂ ਹਾਲੀ ਵਾਕ ਲਿਆ ਹੀ ਜਾਣ ਲੱਗਾ ਸੀ ਤਾਂ ਕੁਝ ਮੁੰਡਿਆਂ ਨੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਲਗਾਏ। ਸੋਟੀਆਂ ਵਾਲੇ ਸੇਵਾਦਾਰਾਂ ਨੇ ਉਨ੍ਹਾਂ ਨੂੰ ਸੋਟੀਆਂ ਮਾਰੀਆਂ। ਮੁੰਡੇ ਸੇਵਾਦਾਰਾਂ ਦੇ ਗਲ ਪੈ ਗਏ। ਸੇਵਾਦਾਰਾਂ ਨੇ ਸਿਰਫ ਮੁੰਡਿਆਂ ਨੂੰ ਹੀ ਨਹੀਂ ਮਾਰਿਆ ਸਗੋਂ ਕਈ ਅਕਾਲੀ ਵੀ ਕੁਟ ਸੁਟੇ। ਸੰਗਰੂਰ ਤੋਂ ਆਏ ਕੁਝ ਲੋਕਾਂ ਨੇ ਮੈਨੂੰ ਆਪ ਦਸਿਆ ਕਿ ਸਾਨੂੰ ਵੀ ਕੁਟ ਪਈ ਹੈ।

ਇਸ ਕੁੱਟ ਮਾਰ ਨਾਲ ਗੱਲ ਵਧ ਗਈ। ਮੁੰਡਿਆਂ ਨੇ ਸੇਵਾਦਾਰਾਂ ਕੋਲੋਂ ਸੋਟੀਆਂ ਖੋਹ ਲਈਆਂ। ਸੇਵਾਦਾਰ ਦੌੜ ਗਏ ਤੇ ਮੁੰਡੇ ਅਕਾਲ ਤਖ਼ਤ ਸਾਹਿਬ ਦੀ ਸਟੇਜ ਉਤੇ ਚੜ੍ਹ ਗਏ। ਰੌਲੇ ਗੌਲੇ ਵਿਚ ਕੁਝ ਸੁਣਾਈ ਨਹੀਂ ਦੇ ਰਿਹਾ ਸੀ, ਪਰ ਪਤਾ ਲੱਗਾ ਹੈ ਕਿ ਮੁੰਡੇ ਸਿੰਘ ਸਾਹਿਬਾਨ ਨੂੰ ਕੁਝ ਸੁਆਲ ਪੁਛਣ ਲਈ ਉਤਾਵਲੇ ਸਨ। ਇਕ ਮੁੰਡਾ ਅਗੋਂ ਦੀ ਤਖ਼ਤ ਸਾਹਿਬ ਦੇ ਉਤੇ ਚੜ੍ਹ ਗਿਆ। ਉਸ ਨੂੰ ਸੇਵਾਦਾਰਾਂ ਨੇ ਧੱਕਾ ਮਾਰ ਕੇ ਥੱਲੇ ਸੁਟ ਦਿੱਤਾ। ਫਿਰ ਤੇ ਮੁੰਡੇ ਫਟਾ ਫਟ ਤਖ਼ਤ ਸਾਹਿਬ ਉਤੇ ਚੜ੍ਹਨ ਲਗ ਪਏ। ਜੋ ਪਹਿਲਾਂ ਚੜ੍ਹ ਗਏ ਉਨ੍ਹਾਂ ਬਾਹਵਾਂ ਫੜ ਕੇ ਦੂਜੇ ਵੀ ਚੜ੍ਹਾ ਦਿੱਤੇ। ਇਸ ਰੌਲੇ ਗੌਲੇ ਸਮੇਂ ਸਿੰਘ ਸਾਹਿਬਾਨ ਉਥੋਂ ਚਲੇ ਗਏ। ਇਸ ਸਮੇਂ ਦਾਹੜੀ-ਕਟੇ, ਬੇ-ਅੰਮ੍ਰਿਤੀਏ ਮੁੰਡੇ ਸਭ ਤਖ਼ਤ ਸਾਹਿਬ ਦੇ ਉਤੇ ਚੜ੍ਹੇ ਹੋਏ ਸਨ ਜਦੋਂ ਕਿ ਮਰਯਾਦਾ ਅਨੁਸਾਰ ਉਸ ਥਾਂ ਉਤੇ ਸਿਰਫ ਤਿਆਰ-ਬਰ-ਤਿਆਰ ਸਿੰਘ ਹੀ ਜਾ ਸਕਦਾ ਹੈ। ਸਿੱਖ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਇਸ ਤਰ੍ਹਾਂ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲਿਆਂ ਨੇ ਅਕਾਲ ਤਖ਼ਤ ਸਾਹਿਬ ਦਾ ਅਪਮਾਨ ਕੀਤਾ ਹੈ। ਕੁਝ ਬੀਬੀਆਂ ਨੇ, ਜਿਸ ਵਿਚ ਇਸ ਰਿਪੋਰਟ ਦੀ ਲਿਖਾਰੀ ਵੀ ਸ਼ਾਮਿਲ ਸੀ, ਉਨ੍ਹਾਂ ਨੇ ਮੁੰਡਿਆਂ ਨੂੰ ਉਥੋਂ ਉਤਰਨ ਲਈ ਕਿਹਾ। ਜੋ ਬੇ-ਅੰਮ੍ਰਿਤੇ ਮੁੰਡੇ ਸਨ ਉਨ੍ਹਾਂ ਵਿਚੋਂ ਕਾਫ਼ੀ ਉਤਰ ਗਏ। ਪਰ ਬੀਬੀਆਂ ਦੇ ਤਖ਼ਤ ਤੋਂ ਆ ਜਾਣ ਬਾਅਦ ਤੋਂ ਵੀ ਕੁਝ ਸਿੰਘ ਤਖ਼ਤ ਸਾਹਿਬ ਉਤੇ ਬੈਠੇ ਰਹੇ, ਪਰ ਇਹ ਸਾਰੇ ਅੰਮ੍ਰਿਤਧਾਰੀ ਹੀ ਨਜ਼ਰ ਆ ਰਹੇ ਸਨ।

ਇਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੀਵਾਨ ਸਜਿਆ ਤੇ ਜਿਸ ਮੁੰਡੇ ਦੇ ਜੋ ਦਿਲ ਵਿਚ ਆਇਆ ਉਸ ਨੇ ਬੋਲਿਆ। ਮੁੰਡਿਆਂ ਨੇ ਸ਼ੁਰੂ ਵਿਚ ਵੀ ਆਪਣੇ ਲੈਕਚਰਾਂ ਦੌਰਾਨ "ਖ਼ਾਲਿਸਤਾਨ ਜ਼ਿੰਦਾ-ਬਾਦ" ਦੇ ਵੀ ਨਾਹਰੇ ਲਾਏ ਤੇ "ਭਿੰਡਰਾਂਵਾਲਾ ਸੰਤ ਸਿਪਾਹੀ—ਜਿਸਨੇ ਸੁਤੀ ਕੌਮ ਜਗਾਈ" ਦੇ ਵੀ ਨਾਹਰੇ ਲਗਾਏ।

www.AKJ.Org

ਇਨ੍ਹਾਂ ਨਾਹਰਿਆਂ ਦਾ ਜੁਆਬ ਸਾਰੀ ਸੰਗਤ ਨੇ ਹੀ ਤਕਰੀਬਨ ਹੱਥ ਖੜੇ ਕਰਕੇ ਦਿਤਾ। ਸ਼ਾਇਦ ਹੀ ਹੈ ਜੋ ਵਿਚ ਕੋਈ ਰਹਿ ਗਿਆ ਹੋਵੇ ਜਿਸਨੇ ਹੱਥ ਨਾ ਖੜੇ ਕੀਤੇ ਹੋਣ। ਪਰ ਉਹ ਸ਼ਾਇਦ ਇਕ ਫ਼ੀ ਸਦੀ ਤੋਂ ਵੱਧ ਨਾ ਹੋਣ। ਸ਼ੁਰੂ ਵਿਚ ਇਹ ਥੋਹੜੇ ਜਿਹੇ ਹੀ ਬੰਦੇ ਸਨ, ਜਿਨ੍ਹਾਂ ਨੇ ਕੁਝ ਸੁਆਲ ਲਿਖਕੇ ਰੱਖੇ ਹੋਏ ਸਨ, ਜੋ ਇਹ ਸਨ : ਸਰਕਾਰ ਤੇ ਸਿੰਘ ਸਾਹਿਬਾਨ ਦਾ ਕੀ ਗੁਪਤ ਸਮਝੌਤਾ ਹੋਇਆ ਹੈ, ਉਹ ਦੱਸਿਆ ਜਾਵੇ ? ਗੁਰੂ ਰਾਮਦਾਸ ਨਿਵਾਸ, ਗੁਰੂ ਨਾਨਕ ਨਿਵਾਸ ਤੇ ਹੋਰ ਦਰਬਾਰ ਸਾਹਿਬ ਦੀਆਂ ਇਮਾਰਤਾਂ ਕਿਉਂ ਨਹੀਂ ਸ਼ਰੋਮਣੀ ਕਮੇਟੀ ਦੇ ਹਵਾਲੇ ਕੀਤੀਆਂ ਗਈਆਂ ? ਗਿਆਨੀ ਜ਼ੈਲ ਸਿੰਘ ਨੂੰ ਕਿਉਂ ਸ੍ਰੀ ਅਕਾਲ ਤਖ਼ਤ ਸਾਹਿਬ ਪੇਸ਼ ਨਹੀਂ ਕੀਤਾ ਗਿਆ ਤੇ ਉਸਦਾ ਕੀ ਸਪਸ਼ਟੀਕਰਣ ਹੈ ? ਪੁਲੀਸ ਨੇ ਜੋ ਪਿੰਡਾਂ ਵਿਚ ਅਤਿਆਚਾਰ ਚੁਕਿਆ ਹੋਇਆ ਹੈ ਉਸ ਦੀ ਨਿਖੇਧੀ ਕਿਉਂ ਨਹੀਂ ਕੀਤੀ ਗਈ ? ਜੋ ਸਿੰਘ ਦਰਬਾਰ ਸਾਹਿਬ ਸ਼ਹੀਦ ਹੋ ਗਏ ਹਨ ਉਨ੍ਹਾਂ ਨੂੰ ਸ਼ਰਧਾਂਜਲੀ ਕਿਉਂ ਨਹੀਂ ਦਿੱਤੀ ਗਈ ? ਇਕ ਸੁਆਲ ਇਹ ਵੀ ਸੀ ਕਿ ਦਾਹੜੀ ਰੰਗਣ ਵਾਲੇ ਨੂੰ ਤਨਖਾਹ ਲਾਏ ਤੋਂ ਬਿਨਾਂ ਕਿਸ ਤਰ੍ਹਾਂ ਮਾਫ ਕਰ ਦਿੱਤਾ ਗਿਆ ? ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਾਰੇ ਮਤੇ ਬਾਹਵਾਂ ਖੜੀਆਂ ਕਰਵਾ ਕੇ ਸੰਗਤ ਕੋਲੋਂ ਪਾਸ ਕਰਵਾਏ ਗਏ, ਜਿਨ੍ਹਾਂ ਵਿਚ ਖ਼ਾਲਿਸਤਾਨ ਦਾ ਮਤਾ ਵੀ ਸੀ। ਇਸ ਵਕਤ ਬੋਲਣ ਵਾਲਿਆਂ ਨੇ ਇਕ ਗੱਲ ਬੜੀ ਘਟੀਆ ਕੀਤੀ ਕਿ ਸਿੰਘ ਸਾਹਿਬਾਨ ਉਤੇ ਚਿਕੜ ਉਛਾਲਿਆ। ਖਾਸ ਕਰਕੇ ਸਿੰਘ ਸਾਹਿਬ ਗਿ: ਸਾਹਿਬ ਸਿੰਘ ਜੀ ਦੇ ਪ੍ਰਵਾਰ ਉਤੇ ਨਿਰਾਧਾਰ ਦੋਸ਼ ਲਾਏ,ਜੋ ਕਿ ਜਾਂ ਸਰਾਸਰ ਗ਼ਲਤ ਸਨ ਤੇ ਜਾਂ ਨਿਰਮੂਲ ਸਨ। ਸਿੰਘ ਸਾਹਿਬ ਗਿ:ਕ੍ਰਿਪਾਲ ਸਿੰਘ ਜੀ ਦੀ ਸ਼ਾਨ ਵਿਰੁਧ ਵੀ ਗ਼ਲਤ ਲਫ਼ਜ਼ ਵਰਤੇ। ਜਿਸ ਕਾਰਨ ਮੁੰਡਿਆਂ ਵਿਰੁਧ ਵੀ ਕਈ ਸ਼ਰਧਾਲੂ ਸਿਖਾਂ ਵਿਚ ਰੋਸ ਹੈ।

ਹਾਲੀਂ ਲੈਕਚਰਬਾਜ਼ੀ ਚਲ ਹੀ ਰਹੀ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਪੁਲੀਸ ਆ ਕੇ ਖੜੀ ਹੋ ਗਈ। ਇਸੇ ਦੌਰਾਨ ਕੁਝ ਮੁੰਡੇ ਕਿਧਰੋਂ ਪੀਲਾ ਕਪੜਾ ਲੈ ਕੇ ਆਏ ਤੇ ਉਨ੍ਹਾਂ ਨੇ ਸੰਗਤ ਦੇ ਸਾਹਮਣੇ ਹੀ ਨਿਸ਼ਾਨ ਸਾਹਿਬ ਬਣਾਇਆ। ਉਤੇ ਖ਼ਾਲਿਸਤਾਨ ਕੋਲੇ ਨਾਲ ਲਿਖਕੇ ਇਲਾਚੀ ਬੇਰੀ ਤੋਂ ਦਰਸ਼ਨੀ ਡਿਓੜੀ ਉਤੇ ਚੜ੍ਹ ਗਏ ਤੇ ਉਥੇ ਜਾ ਕੇ ਲਹਿਰਾ ਦਿਤਾ। ਰੌਲਾ ਵਧਦਾ ਦੇਖ ਕੇ ਸੰਗਤਾ ਖਿੰਡਣੀਆਂ ਸ਼ੁਰੂ ਹੋ ਗਈਆਂ। ਕੁਝ ਬੀਬੀਆਂ ਤੇ ਸਿੰਘ ਚੌੜੀਆਂ ਪੌੜੀਆਂ ਆਟਾ ਮੰਡੀ ਵਲੋਂ ਬਾਹਰ ਨਿਕਲ ਰਹੇ ਸਨ ਕਿ ਅਗੋਂ ਬੀ. ਐਸ. ਐਫ. ਵਾਲੇ ਅੰਦਰ ਆ ਰਹੇ ਸਨ। ਇਸ ਦੀ ਅਗਵਾਈ, ਦਸਿਆ ਗਿਆ ਹੈ ਕਿ ਐਸ. ਐਸ. ਪੀ. ਆਪ ਕਰ ਰਿਹਾ ਸੀ। ਇਥੋਂ ਬਜ਼ਾਰ ਨੂੰ ਨਿਕਲ ਰਿਹਾ ਗੇਟ ਬੰਦ ਕਰ ਦਿਤਾ ਗਿਆ ਤੇ ਲਾਠੀ ਚਾਰਜ ਸ਼ੁਰੂ ਕਰ ਦਿਤਾ। ਇਸ ਵਿਚ ਜ਼ਨਾਨੀਆਂ ਤੇ ਛੋਟੇ ਬੱਚ ਵੀ ਸ਼ਮਿਲ ਸਨ। ਇਨ੍ਹਾਂ ਨੂੰ ਡਾਂਗਾਂ ਮਾਰੀਆਂ ਜਾ ਰਹੀਆਂ ਸਨ ਤੇ ਨਾਲ ਹੀ ਕਿਹਾ ਜਾ ਰਿਹਾ ਸੀ "ਅਬ ਬੋਲੋ ਖ਼ਾਲਿਸਤਾਨ ਜ਼ਿੰਦਾਬਾਦ, ਭਿੰਡਰਾਂਵਾਲਾ ਜ਼ਿੰਦਾਬਾਦ"। ਇਥੇ ਲਾਠੀਚਾਰਜ ਵਿਚ ਕਾਫੀ ਲੋਕਾਂ ਨੂੰ ਸੱਟਾਂ ਲੱਗੀਆਂ, ਪਰ ਕੋਈ ਡਰਦਾ ਮਾਰਾ ਨਾਂ ਨਹੀਂ ਸੀ ਲੈਂਦਾ ਕਿ ਕਿਧਰੇ ਸਰਕਾਰ ਹੋਰ ਹੀ ਮੁਕੱਦਮਾ ਨਾ ਬਣਾ ਦੇਵੇ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਜਿਸ ਵਕਤ ਪੁਲੀਸ ਦਰਬਾਰ ਸਾਹਿਬ ਅੰਦਰ ਵੜੀ ਸੀ ਉਸ ਵਕਤ ਦੀਵਾਨ ਸਮਾਪਤ ਹੋ ਚੁਕਾ ਸੀ। ਸ਼ਾਇਦ ਪੁਲੀਸ ਦੀ ਅਕਾਲ ਤਖ਼ਤ ਹਾਜ਼ਰੀ ਕਰਕੇ ਜਾਂ ਲੋਕਾਂ ਦੇ ਖਿੰਡਣ ਕਰਕੇ ਅਰਦਾਸ ਕਰ ਦਿਤੀ ਗਈ ਸੀ ਤੇ ਲੋਕ ਘਰਾਂ ਨੂੰ ਤੁਰ ਪਏ ਸਨ। ਅਕਾਲ ਤਖ਼ਤ ਸਾਹਿਬ ਵਲੋਂ ਪਹਿਲਾਂ ਬੀ. ਐਸ. ਐਫ. ਦੇ ਜੁਆਨ ਜੁਤੀਆਂ ਲੈ ਕੇ ਆਏ ਸਨ। ਫਿਰ ਦੁਬਾਰਾ ਉਨ੍ਹਾਂ ਨੇ ਬਾਹਰ ਜਾ ਕੇ ਜੁਤੀਆਂ ਉਤਾਰੀਆਂ ਸਨ।

ਬੀ. ਐਸ. ਐਫ. ਵਾਲੇ ਪੁਲੀਸ ਦੀ ਅਗਵਾਈ ਥੱਲੇ ਚੌੜੀਆਂ ਪੌੜੀਆਂ ਰਾਹੀਂ ਦਰਬਾਰ ਸਾਹਿਬ ਦੇ ਅੰਦਰ ਆਏ ਤੇ ਜੋ ਮੁੰਡੇ ਉਨ੍ਹਾਂ ਨੂੰ ਲੱਭੇ ਉਨ੍ਹਾਂ ਨੂੰ ਫੜ ਲਿਆ ਤੇ ਕੁਝ ਮੁੰਡੇ ਦਰਬਾਰ ਸਾਹਿਬ ਤੋਂ ਬਾਹਰ ਨਿਕਲਦੇ ਹੀ ਫੜੇ ਗਏ। ਕੁਝ ਮੁੰਡੇ ਧਰਮ ਸਿੰਘ ਮਾਰਕੀਟ, ਕੁਝ ਜਲ੍ਹਿਆਂ ਵਲਾ ਬਾਗ ਤੇ ਕੁਝ ਆਟਾ ਮੰਡੀ ਤੋਂ ਫੜੇ ਹਨ। ਕਈ ਮੁੰਡੇ ਤੇ ਹਾਲੀਂ ਦਰਬਾਰ ਸਾਹਿਬ ਮੱਥਾ ਟੇਕਣ ਹੀ ਆ ਰਹੇ ਸਨ। ਦਰਬਾਰ ਸਾਹਿਬ ਜੋ ਕੁਝ ਪਹਿਲੀ ਅਕਤੂਬਰ ਨੂੰ ਹੋਇਆ ਉਹ ਕਿਸੇ ਯੋਜਨਾ ਬੱਧ ਸਕੀਮ ਦਾ ਨਤੀਜਾ ਨਹੀਂ ਲੱਗਦਾ, ਸਿਰਫ ਨੌਜੁਆਨਾਂ ਦੇ ਗੁੱਸੇ ਤੇ ਜਜ਼ਬਾਤ ਦਾ ਪ੍ਰਗਟਾ ਹੈ। ਜੇ ਪਹਿਲਾਂ ਸਕੀਮ ਹੁੰਦੀ ਤਾਂ ਉਹ ਮੁੰਡੇ ਖ਼ਾਲਿਸਤਾਨ ਦਾ ਨਿਸ਼ਾਨ ਸਾਹਿਬ ਘਰੋਂ ਬਣਵਾ ਕੇ ਲੈ ਕੇ ਆਉਂਦੇ। ਫਿਰ ਉਨ੍ਹਾਂ ਨੇ ਜੇ ਪਹਿਲਾਂ ਸੋਚਿਆ ਹੁੰਦਾ ਤਾਂ ਉਹ ਨਿਸ਼ਾਨ ਸਾਹਿਬ ਕਦੀ ਦਰਸ਼ਨੀ ਡਿਓੜੀ ਉਤੇ ਨਾ ਲਗਾਂਦੇ, ਕਿਉਂਕਿ ਦਰਸ਼ਨੀ ਡਿਓੜੀ ਉਤੇ ਨਿਸ਼ਾਨ ਸਾਹਿਬ ਲਗਾਉਣਾ ਸਿੱਖ ਸਿਧਾਂਤ ਦੇ ਅਨੁਕੂਲ ਨਹੀਂ। ਦਰਬਾਰ


www.AKJ.Org

ਸਾਹਿਬ ਸਰਬ ਮਨੁਖਤਾ ਦਾ ਦਰਬਾਰ ਹੈ। ਉਥੇ ਅਰਦਾਸ ਤੋਂ ਬਾਅਦ ਰਾਜ ਕਰੇਗਾ ਖਾਲਸਾ ਦਾ ਦੋਹਰਾ ਵੀ ਨਹੀਂ ਪੜ੍ਹਿਆ ਜਾਂਦਾ। ਉਸੇ ਦਰਬਾਰ ਦੇ ਸਾਹਮਣੇ ਖ਼ਾਲਿਸਤਾਨ ਦਾ ਝੰਡਾ ਫਬਦਾ ਨਹੀਂ। ਜੇ ਇਨ੍ਹਾਂ ਮੁੰਡਿਆਂ ਦੀ ਪਹਿਲਾਂ ਸੋਚੀ ਸਮਝੀ ਸਕੀਮ ਹੁੰਦੀ ਤਾਂ ਉਨ੍ਹਾਂ ਵਿਚੋਂ ਕੋਈ ਤੇ ਅਕਲਮੰਦ ਹੁੰਦਾ ਜੋ ਉਨ੍ਹਾਂ ਨੂੰ ਕਿਸੇ ਹੋਰ ਥਾਂ 'ਤੇ ਝੰਡਾ ਲਾਉਣ ਦਾ ਸੁਝਾ ਦੇ ਦਿੰਦਾ। ਦੂਜਾ ਇਨ੍ਹਾਂ ਮੁੰਡਿਆਂ ਨੇ ਅਕਾਲ ਤਖ਼ਤ ਸਾਹਿਬ ਦੀ ਜੋ ਬੇ-ਇਜ਼ਤੀ ਕੀਤੀ ਹੈ,ਜੇ ਇਨ੍ਹਾਂ ਦੀ ਪਹਿਲਾਂ ਕੋਈ ਸਕੀਮ ਹੁੰਦੀ ਤਾਂ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਭੰਗ ਕਰਕੇ ਇਹ ਕਦੀ ਲੋਕਾਂ ਵਿਚ ਆਪਣੀ ਬਦਨਾਮੀ ਨਾ ਕਰਦੇ। ਅਸਲ ਵਿਚ ਇਹ ਸਾਰੇ ਉਤਸ਼ਾਹੀ ਬੱਚੇ ਸਨ,ਜਿਨ੍ਹਾਂ ਵਿਚ ਅਕਲ ਘੱਟ ਤੇ ਜੋਸ਼ ਬਹੁਤਾ ਸੀ। ਇਸ ਵਕਤ ਨੌਜੁਆਨਾਂ ਦੇ ਮਨ ਵਿਚ ਸਰਕਾਰ ਵਿਰੁਧ ਜ਼ਬਰਦਸਤ ਗੁੱਸਾ ਹੈ, ਤੇ ਜਿਸ ਤੋਂ ਸਰਕਾਰ ਔਖੀ ਹੁੰਦੀ ਹੈ ਇਨ੍ਹਾਂ ਨੇ ਉਹ ਕੁਝ ਹੀ ਕਰਨਾ ਹੈ। ਸਰਕਾਰ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਤੋਂ ਔਖੀ ਹੁੰਦੀ ਹੈ। ਭਾਵੇਂ ਇਹ ਨਾਹਰਾ ਕੋਈ ਗੈਰ-ਕਾਨੂੰਨੀ ਨਹੀਂ ਕਿਹਾ ਜਾ ਸਕਦਾ। ਜੇ ਇਸ ਦੇਸ਼ ਵਿਚ "ਨਾਗਾ ਲੈਂਡ ਜ਼ਿੰਦਾਬਾਦ", "ਤੇਲਗੂ ਦੇਸ਼ਮ ਜ਼ਿੰਦਾਬਾਦ", 'ਤਾਮਿਲ ਨਾਡੂ ਜ਼ਿੰਦਾਬਾਦ' ਕਿਹਾ ਜਾ ਸਕਦਾ ਹੈ ਤਾਂ ਖ਼ਾਲਿਸਤਾਨ ਜ਼ਿੰਦਾਬਾਦ ਕਹਿਣ ਨਾਲ ਕੋਈ ਅਸਮਾਨ ਤੇ ਥੱਲੇ ਨਹੀ ਆ ਜਾਂਦਾ। ਖ਼ਾਲਿਸਤਾਨੀ ਬਾਬੇ ਜਥੇਦਾਰ ਉਜਾਗਰ ਸਿੰਘ ਰੰਧਾਵਾ ਤੇ ਮਾਸਟਰ ਹਜ਼ਾਰਾ ਸਿੰਘ ਚੱਕ ਮਿਸ਼ਰੀ ਖਾਂ ਦੇ ਇਕ ਮੁਕੱਦਮੇ ਵਿਚ ਫਾਜ਼ਿਲ ਜੱਜ ਨੇ "ਖ਼ਾਲਿਸਤਾਨ ਜ਼ਿੰਦਾਬਾਦ" ਦੇ ਨਾਹਰੇ ਨੂੰ ਗੈਰ ਕਾਨੂੰਨੀ ਨਹੀਂ ਮੰਨਿਆ। ਇਸ ਫੈਸਲੇ ਦੀ ਮੌਜੂਦਗੀ ਵਿਚ ਪੁਲੀਸ ਪਤਾ ਨਹੀਂ ਕਿਸ ਤਰ੍ਹਾਂ ਹਰ ਖ਼ਾਲਿਸਤਾਨ ਜ਼ਿੰਦਾਬਾਰ ਕਹਿਣ ਵਾਲੇ ਨੂੰ ਗ੍ਰਿਫ਼ਤਾਰ ਕਰੀ ਜਾਂਦੀ ਹੈ। ਫਿਰ "ਖ਼ਾਲਿਸਤਾਨ ਜ਼ਿੰਦਾਬਾਦ" ਤੇ ਹਰ ਦਰਬਾਰ ਸਾਹਿਬ ਪੁਜੇ ਹੋਏ ਵਿਅਕਤੀ ਨੇ ਕਿਹਾ ਹੈ। ਫਿਰ ਸਾਰੇ ਤਕਰੀਬਨ ਪੰਜਾਹ ਹਜ਼ਾਰ, ਜੋ ਵੀ ਉਥੇ ਹਾਜ਼ਿਰ ਸੀ ਉਨ੍ਹਾਂ ਸਾਰਿਆਂ ਨੂੰ ਕਿਉਂ ਨਹੀਂ ਗ੍ਰਿਫਤਾਰ ਕਰਕੇ ਮੁਕੱਦਮਾ ਚਲਾਇਆ ਗਿਆ ?

ਸਰਕਾਰ ਨੂੰ ਇਸ ਵਕਤ ਆਮ ਸਿੱਖਾਂ ਦੀ ਨਬਜ਼ ਪਛਾਨਣੀ ਚਾਹੀਦੀ ਹੈ। ਇਸ ਵਕਤ ਸਿੱਖ ਬਗ਼ਾਵਤ ਦੇ ਮੂਡ ਵਿਚ ਹੈ ਤੇ ਨੌਜੁਆਨ ਉਹ ਹੀ ਕਰਨਗੇ ਜੋ ਸਰਕਾਰ ਨਹੀਂ ਚਾਹੁੰਦੀ। ਸਰਕਾਰ ਸੰਤ ਭਿੰਡਰਾਂਵਾਲੇ ਦਾ ਨਾਮ ਸਿੱਖਾਂ ਦੇ ਮਨਾਂ ਵਿਚੋਂ ਕੱਢਣਾ ਚਾਹੁੰਦੀ ਹੈ ਤੇ ਸਿੱਖ ਭਿੰਡਰਾਂਵਾਲਿਆਂ ਦੇ ਹੱਕ ਵਿਚ ਨਾਹਰੇ ਲਾਉਂਦੇ ਹਨ ਤੇ ਲਾਉਣ ਵੀ ਕਿਉਂ ਨਾ, ਕਿਉਂਕਿ ਸੰਤਾਂ ਨੇ ਸਿੱਖੀ ਦੀ ਗੱਲ ਕੀਤੀ ਹੈ। ਉਨ੍ਹਾਂ ਨਾਲ ਅਸੀਂ ਭਾਵੇਂ ਸਹਿਮਤ ਨਾ ਹੋਈਏ ਪਰ ਕੋਈ ਇਹ ਤੇ ਨਹੀਂ ਕਹਿ ਸਕਦਾ ਕਿ ਸੰਤਾਂ ਨੇ ਸਰਕਾਰ ਨਾਲ ਕੋਈ ਜ਼ਾਤੀ ਸੌਦੇਬਾਜ਼ੀ ਕੀਤੀ ਸੀ। ਉਨ੍ਹਾਂ ਠੀਕ ਕੀਤਾ ਗ਼ਲਤ ਕੀਤਾ, ਪਰ ਕੀਤਾ ਸਭ ਕੁਝ ਪੰਥ ਵਾਸਤੇ ਹੀ ਸੀ। ਜਿਉਂ ਜਿਉਂ ਸੰਤਾਂ ਨੂੰ ਸਰਕਾਰ ਇਕ ਮਾਣਸ-ਖਾਣਾ ਦੈਂਤ ਦੇ ਰੂਪ ਵਿਚ ਪ੍ਰਗਟ ਕਰਨਾ ਚਾਹੁੰਦੀ ਹੈ ਤਿਉਂ ਤਿਉਂ ਸਿੱਖ ਨੌਜੁਆਨ ਸੰਤਾਂ ਦੀ ਵਿਚਾਰਧਾਰਾ ਦਾ ਧਾਰਨੀ ਹੁੰਦਾ ਜਾਂਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ "ਖ਼ਾਲਿਸਤਾਨ ਜ਼ਿੰਦਾਬਾਦ" ਤੇ ਸੰਤ ਭਿੰਡਰਾਂਵਾਲਿਆਂ ਦੇ ਹੱਕ ਵਿਚ ਲੱਗੇ ਹੋਏ ਨਾਹਰਿਆਂ ਨੂੰ ਹਊ ਪਰੇ ਕਰ ਛੱਡਣ, ਤਾਂ ਹੀ ਸਿੱਖ ਚੁਪ ਕਰਨਗੇ। ਜ਼ਬਰਦਸ਼ਤੀ ਦਬਣਾ ਤੇ ਸਿੱਖ ਇਤਿਹਾਸ ਦੀ ਡਿਕਸ਼ਨਰੀ ਵਿਚ ਕੋਈ ਲਫਜ਼ ਹੀ ਨਹੀਂ।

ਜੋ ਮੁੰਡੇ ਗ੍ਰਿਫਤਾਰ ਕੀਤੇ ਗਏ ਹਨ ਉਨ੍ਹਾਂ ਵਿਚੋਂ ਕੁਝ ਕੁ ਯੂਥ ਅਕਾਲੀ ਦਲ ਦੇ ਮੁੰਡੇ ਵੀ ਮੈਂ ਆਪ ਦੇਖੇ ਹਨ। ਬਾਕੀ ਆਮ ਸ਼ਹਿਰੀ ਤੇ ਕੁਝ ਬਾਹਰੋਂ ਆਏ ਹੋਏ ਯਾਤਰੂ ਸਨ। ਇਨ੍ਹਾਂ ਵਿਚੋਂ ਕਈ ਸਰਕਾਰੀ ਮੁਲਾਜ਼ਮ ਵੀ ਸਨ। ਇਨ੍ਹਾਂ ਮੁੰਡਿਆਂ ਵਿਚੋਂ ਕੋਈ ਜਾਣੇ ਪਛਾਣੇ ਵਾਲੇ ਕਾਂਗਰਸੀਆਂ ਵਿਚੋਂ ਨਜ਼ਰ ਨਹੀਂ ਆਇਆ ਤੇ ਨਾ ਹੀ ਨੇੜੇ ਤੇੜੇ ਕਿਸੇ ਅੰਮ੍ਰਿਤਸਰ ਕਾਂਗਰਸੀ ਦੀ ਹਾਜ਼ਰੀ ਦੇਖੀ ਜਾਂ ਸੁਣੀ ਹੈ। ਪਰ ਇਕ ਗੱਲ ਹੈ ਕਿ ਜਦੋਂ ਇਨ੍ਹਾਂ ਮੁੰਡਿਆਂ ਨੂੰ ਕੁਤਵਾਲੀ ਖੜਿਆ ਤਾਂ ਕਾਂਗਰਸੀ ਐਮ. ਐਲ. ਏ. ਪ੍ਰਿਥੀਪਾਲ ਸਿੰਘ ਤੇ ਯੂਥ ਕਾਂਗਰਸ ਦਾ ਲੀਡਰ ਤਜਿੰਦਰ ਸਿੰਘ ਬਿਟਾ ਕੁਤਵਾਲੀ ਆਏ ਤੇ ਅੱਠ ਮੁੰਡਿਆਂ ਨੂੰ ਛਡਵਾ ਕੇ ਲੈ ਗਏ, ਜਿਸ ਕਰਕੇ ਕਾਂਗਰਸੀ ਮੁੰਡੇ ਵਿਚ ਹੋਣ ਦਾ ਸ਼ੱਕ ਜ਼ਰੂਰ ਕੀਤਾ ਜਾ ਸਕਦਾ ਹੈ।——ਇਥੇ ਇਕ ਗੱਲ ਇਹ ਵੀ ਵਰਨਣ ਯੋਗ ਹੈ ਕਿ ਅਕਾਲ ਤਖ਼ਤ ਸਾਹਿਬ ਤੋਂ ਉਠ ਕੇ ਸਿੰਘ ਸਾਹਿਬਾਨ ਬਾਬਾ ਖੜਕ ਸਿੰਘ ਜੀ ਕੋਲੋਂ ਹੁੰਦੇ ਹੋਏ ਘੰਟਾ ਘਰ ਦਰਬਾਰ ਸਾਹਿਬ ਦੇ ਇਨਫਰਮੇਸ਼ਨ ਦਫ਼ਤਰ ਵਿਚ ਗਏ ਜਿਥੇ ਉਨ੍ਹਾਂ ਨੂੰ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ, ਐਸ. ਐਸ. ਪੀ. ਤੇ ਬਰਗੇਡੀਅਰ ਭੱਲਾ ਮਿਲੇ। ਦਫ਼ਤਰ ਤੋਂ ਬਾਹਰ ਨਿਕਲਦਿਆਂ ਹੀ ਡਿਪਟੀ ਕਮਿਸ਼ਨਰ ਨੇ ਪੱਤਰ ਪ੍ਰੇਰਕਾਂ ਨੂੰ ਆਖਿਆ ਕਿ ਸਿੰਘ



www.AKJ.Org

ਸਾਹਿਬਾਨ ਨੇ ਆਖਿਆ ਕਿ ਅਸੀਂ ਅੰਦਰਲੇ ਦਰਬਾਰ ਸਾਹਿਬ ਦੇ ਹਾਲਾਤ ਤੇ ਕਾਬੂ ਨਹੀਂ ਪਾ ਸਕਦੇ।

ਰਾਤ ਨੂੰ ਟੈਲੀਵੀਜਨ ਤੇ ਰੇਡੀਓ ਉਤੇ ਜੋ ਖ਼ਬਰਾਂ ਆਈਆਂ ਉਸ ਵਿਚ ਸਿੰਘ ਸਾਹਿਬਾਨ ਤੇ ਬਾਕੀ ਲੀਡਰਾਂ ਵਲੋਂ ਬਿਆਨ ਆਏ ਕਿ ਕੁਝ ਸ਼ਰਾਰਤੀ ਅੰਸਰ ਨੇ ਦਰਬਾਰ ਸਾਹਿਬ ਧੰਨਵਾਦ ਦਿਵਸ ਉਤੇ ਖੱਪ ਪਾਈ ਹੈ, ਜਿਸ ਕਰਕੇ ਮਜਬੂਰਨ ਪੁਲੀਸ ਨੂੰ ਦਰਬਾਰ ਸਾਹਿਬ ਅੰਦਰ ਦੁਬਾਰਾ ਜਾਣਾ ਪਿਆ। ਪਰ ਰੇਡੀਓ ਤੇ ਟੈਲੀਵੀਯਨ ਜ਼ਰੂਰੀ ਨਹੀਂ ਜੋ ਸੱਚ ਕਵ੍ਹੇ, ਉਨ੍ਹਾਂ ਨੇ ਇਕ ਸ਼ਰਾਰਤ ਵੀ ਕੀਤੀ ਸੀ ਕਿ ਉਨ੍ਹਾਂ ਨੇ ਆਖਿਆ ਕਿ ਸਿੰਘ ਸਾਹਿਬਾਨ ਨੇ ਅਰਦਾਸ ਵਿਚ ਸਰਕਾਰ ਤੇ ਗੁਰੂ ਦਾ ਧੰਨਵਾਦ ਕੀਤਾ ਕਿ ਸਿੱਖ ਸੰਗਤਾਂ ਨੂੰ ਮੁੜ ਦਰਸ਼ਨ ਦਿਦਾਰੇ ਹੋਏ। ਜਦੋਂ ਕਿ ਸਿੰਘ ਸਾਹਿਬਾਨ ਨੇ ਸਿਰਫ਼ ਗੁਰੂ ਦਾ ਧੰਨਵਾਦ ਕੀਤਾ ਸੀ ਤੇ ਸਰਕਾਰ ਦਾ ਧੰਨਵਾਦ ਬਿਲਕੁਲ ਨਹੀਂ ਕੀਤਾ ਸੀ। ਪਰ ਦਰਬਾਰ ਸਾਹਿਬ ਪਹਿਲੀ ਅਕਤੂਬਰ ਨੂੰ ਹੋਈ ਪੁਲੀਸ ਦੀ ਕਾਰਵਾਈ ਦੀ ਸਿੰਘ ਸਾਹਿਬਾਨ ਨੇ ਦੂਜੇ ਦਿਨ ਵਿਰੋਧਤਾ ਕੀਤੀ ਹੈ। ਹਕੀਕਤ ਇਹ ਹੈ ਕਿ ਸਿੰਘ ਸਾਹਿਬਾਨ ਨੇ ਪੁਲੀਸ ਬੁਲਾਈ ਨਹੀਂ, ਹਾਲਾਤ ਐਸੇ ਸਨ ਕਿ ਸਰਕਾਰੀ ਅਧਿਕਾਰੀਆਂ ਨੇ ਸਿੰਘ ਸਾਹਿਬਾਨ ਨਾਲ ਗੱਲ ਕਰਨ ਤੋਂ ਬਾਅਦ ਪੁਲੀਸ ਦਰਬਾਰ ਸਾਹਿਬ ਅੰਦਰ ਭੇਜੀ। ਦਰਬਾਰ ਸਾਹਿਬ ਪੁਲੀਸ ਹੋ ਆਉਣ ਤੋਂ ਬਾਅਦ ਵੀ ਐਸ. ਐਸ. ਪੀ., ਡਿਪਟੀ ਕਮਿਸ਼ਨਰ ਤੇ ਬ੍ਰਗੇਡੀਅਰ ਭੱਲਾ, ਸਿੰਘ ਸਾਹਿਬਾਨ ਨੂੰ ਮਿਲੇ। ਇਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਸਿੰਘ ਸਾਹਿਬਾਨ ਨੇ ਪੁਲੀਸ ਨੂੰ ਨਾ ਦਰਬਾਰ ਸਾਹਿਬ ਆਉਣ ਲਈ ਬੁਲਾਇਆ ਹੈ ਤੇ ਨਾ ਹੀ ਦਰਬਾਰ ਸਾਹਿਬ ਜਾਣ ਤੋਂ ਰੋਕਿਆ ਹੈ।

ਇਥੇ ਇਹ ਵੀ ਵਰਨਣ ਯੋਗ ਜ਼ਰੂਰੀ ਹੈ ਕਿ ਪਹਿਲੀ ਅਕਤੂਬਰ ਨੂੰ ਹੋਈ ਹੁਲੜਬਾਜ਼ੀ ਦੇ ਇਲਜ਼ਾਮ ਵਿਚ ਗਿਆਨੀ ਪੂਰਨ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਉਨ੍ਹਾਂ ਉਤੇ ਇਲਜ਼ਾਮ ਲਗਾਇਆ ਗਿਆ ਹੈ ਕਿ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਰਦਾਸ ਕੀਤੀ ਹੈ ਕਿ ਖਾਲਿਸਤਾਨ ਦਾ ਝੰਡਾ ਚੜ੍ਹਾ ਦਿੱਤਾ ਗਿਆ ਹੈ। ਇਹ ਦੋਸ਼ ਬਿਲਕੁਲ ਅਸਲੀਅਤ ਦੇ ਉਲਟ ਹੈ। ਜਦੋਂ ਇਹ ਕਾਰਵਾਈ ਹੋ ਰਹੀ ਸੀ ਉਸ ਵਕਤ ਗਿਆਨੀ ਪੂਰਨ ਸਿੰਘ ਜੀ ਉਥੇ ਨਹੀਂ ਸਨ। ਪਤਾ ਲੱਗਾ ਹੈ ਕਿ ਉਹ ਇਸ ਸਾਰੀ ਕਾਰਵਾਈ ਤੋਂ ਪਹਿਲਾਂ ਹੀ ਆਪਣੇ ਘਰ ਚਲੇ ਗਏ ਸਨ। ਜਿਸ ਵਕਤ ਅਰਦਾਸ ਹੋਈ ਹੈ ਉਸ ਵਕਤ ਤੇ ਮੁੰਡੇ ਖਾਲਿਸਤਾਨ ਦਾ ਝੰਡਾ ਲਹਿਰਾ ਰਹੇ ਸਨ ਤੇ ਸਾਰੀ ਸੰਗਤ ਦੀ ਤਵੱਜੋ ਉਸ ਪਾਸੇ ਸੀ। ਅਰਦਾਸ ਕਿਸ ਨੇ ਕੀਤੀ, ਇਸ ਬਾਰੇ ਕੋਈ ਠੋਸ ਪਤਾ ਨਹੀਂ ਲੱਗ ਸਕਿਆ। ਪਰ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਗਿਆਨੀ ਪੂਰਨ ਸਿੰਘ ਜੀ ਨੇ ਨਾ ਕੋਈ ਲੈਕਚਰ ਦਿੱਤਾ ਨਾ ਕੋਈ ਅਰਦਾਸ ਕੀਤੀ, ਹਾਂ ਉਹ ਸੰਤ ਭਿੰਡਰਾਂਵਾਲੀ ਟਕਸਾਲ ਨਾਲ ਸੰਬੰਧਿਤ ਜ਼ਰੂਰ ਸਨ ਤੇ ਉਥੋਂ ਹੀ ਉਨ੍ਹਾਂ ਨੇ ਵਿਦਿਆ ਹਾਸਿਲ ਕੀਤੀ ਸੀ। ਜੇ ਦਮਦਮੀ ਟਕਸਾਲ ਨਾਲ ਸੰਬੰਧਤ ਹੋਣ ਕਰਕੇ ਪੁਲੀਸ ਨੇ ਉਨ੍ਹਾਂ ਉਤੇ ਇਹ ਕੇਸ ਫਿਟ ਕੀਤਾ ਹੈ ਤਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੰਘ ਸਾਹਿਬਾਨ ਨੂੰ ਰਿਹਾ ਕਰਵਾਉਣ ਵਾਸਤੇ ਫੌਰੀ ਉਪਰਾਲਾ ਕਰਨਾ ਚਾਹੀਦਾ ਹੈ। ਜੇ ਦਰਬਾਰ ਸਾਹਿਬ ਦੇ ਗ੍ਰੰਥੀ ਉਤੇ ਝੂਠਾ ਮੁਕੱਦਮਾ ਬਣਾਇਆ ਜਾ ਸਕਦਾ ਹੈ ਤਾਂ ਆਮ ਸਿੱਖ ਦੀ ਹਿਫ਼ਾਜ਼ਤ ਕੀ ਹੋ ਸਕਦੀ ਹੈ।

ਅੰਤ ਵਿਚ ਇਹ ਵਰਨਣ ਕਰਨਾ ਉਚਿਤ ਹੈ ਕਿ ਅਖ਼ਬਾਰਾਂ ਵਿਚ ਨਿਕਲਦੀਆਂ ਖ਼ਬਰਾਂ ਅਨੁਸਾਰ, ਸਰਕਾਰ ਤੇ ਸਿੰਘ ਸਾਹਿਬਾਨ ਦੇ ਹੋਏ ਸਮਝੌਤੇ ਅਨੁਸਾਰ ਸਰਾਵਾਂ ਤੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਸਾਹਮਣਿਓਂ ਜੋ ਸੜਕ ਬਾਬਾ ਅਟੱਲ ਸਾਹਿਬ ਵੱਲ ਜਾਂਦੀ ਹੈ ਉਹ ਮਿਊਂਸਪਲ ਰੋਡ ਬਣਾਈ ਜਾਵੇਗੀ ਤੇ ਉਸ ਉਤੇ ਆਵਾਜਾਈ ਖੁਲ੍ਹੀ ਰਵ੍ਹੇਗੀ। ਭਾਵ ਪੁਲੀਸ ਨੂੰ ਉਥੇ ਗਸ਼ਤ ਕਰਨ ਦੀ ਖੁਲ੍ਹੀ ਛੁਟੀ ਹੋਵੇਗੀ। ਇਹ ਸੜਕ ਗੁਰਦੁਆਰੇ ਦੀ ਜ਼ਮੀਨ ਵਿਚੋਂ ਹੀ ਛੱਡੀ ਗਈ ਸੀ। ਗੁਰਦੁਆਰਾ ਐਕਟ ਬਣਨ ਤੋਂ ਬਾਅਦ ਅੰਗਰੇਜ਼ ਦੇ ਸਮੇਂ ਤੋਂ ਇਥੇ ਸ਼ਰੋਮਣੀ ਗੁਰਦੁਆਰਾ ਕਮੇਟੀ ਦੀ ਇਜਾਜ਼ਤ ਤੋਂ ਬਿਨਾਂ ਪੁਲੀਸ ਨਹੀਂ ਆਈ। ਇਕ ਵਾਰ ਪੁਲੀਸ ੧੯੫੫ ਦੇ ਮੋਰਚੇ ਵੇਲੇ ਆਈ ਸੀ ਤੇ ਜਾਂ ਹੁਣ ੪ ਜੂਨ ਨੂੰ ਫ਼ੌਜ ਆਈ ਹੈ। ਜੇ ਇਹ ਖ਼ਬਰ ਠੀਕ ਹੈ ਤਾਂ ਗੋਡੇ ਟੇਕ ਕੇ ਸਰਾਵਾਂ ਦਾ ਕਬਜ਼ਾ ਲੈਣ ਵਾਲੀ ਗੱਲ ਹੋਈ। ਸਿੱਖ ਸੰਗਤਾਂ ਨੂੰ ਜਦੋਂ ਇਸ ਸ਼ਰਤ ਦਾ ਪਤਾ ਲੱਗਾ ਤਾਂ ਉਹ ਮੌਜੂਦਾ ਲੀਡਰਸ਼ਿਪ ਦੇ ਵਿਰੁਧ ਹੋਰ ਭੜਕਣਗੀਆਂ।

ਧੰਨਵਾਦ ਸਹਿਤ—ਸੰਤ ਸਿਪਾਹੀ ਅਕਤੂਬਰ


www.AKJ.Org

# ਪਵਿਤਰ ਸਰੋਵਰ ਦੀ ਕਾਰ ਸੇਵਾ

ਸ੍ਰੀ ਅੰਮ੍ਰਿਤਸਰ ਦੇ ਪਵਿਤਰ ਸਰੋਵਰ ਦੀ ਕਾਰ ਸੇਵਾ, ਸਿਖ ਸੰਗਤਾਂ ਨੇ ਇਸ ਸਦੀ ਵਿਚ ਪਹਿਲੀ ਵਾਰ ੧੯੨੩ ਵਿਚ ਕੀਤੀ ਸੀ, ਜਿਸ ਵਿਚ ਸੰਗਤਾਂ ਨੇ ਦੁਨੀਆ ਭਰ ਦੇ ਕੋਨੇ ਕੋਨੇ 'ਚੋਂ ਪੁਜ ਕੇ ਆਪਣੇ ਹੱਥ ਪਵਿਤਰ ਕੀਤੇ ਸਨ। ਦੂਜੀ ਵੇਰ ਸੇਵਾ ੫੦ ਸਾਲ ਪਿਛੋਂ ੧੯੭੩ ਵਿਚ ਕੀਤੀ ਗਈ, ਉਸ ਸਮੇਂ ਵੀ ਕਾਰ ਸੇਵਾ ਵਿਚ ਹਿਸਾ ਲੈਣ ਵਾਲੀਆਂ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ ਨਜ਼ਰ ਆਉਂਦਾ ਸੀ। ਪਰ ਐਤਕੀ ਫੌਜੀ ਕਾਰਵਾਈ ਸਦਕਾ ੧੧ ਸਾਲਾਂ ਪਿਛੋਂ ਸੇਵਾ ਕਰਾਉਣੀ ਪੈ ਗਈ ਹੈ।

ਫੌਜਾਂ ਵਲੋਂ ਦਰਬਾਰ ਸਾਹਿਬ ਦਾ ਸਾਰਾ ਕੰਪੈਲਕਸ ਖ਼ਾਲੀ ਕਰਨ'ਤੇ ਬਾਬਾ ਖੜਕ ਸਿੰਘ ਜੀ ਅਤੇ ਉਨ੍ਹਾਂ ਦੇ ਸਹਾਇਕ ਬਾਬਾ ਦਰਸ਼ਨ ਸਿੰਘ ਜੀ ਨੇ ਇਸ ਸਮੇਂ ਪੰਥ ਦੀਆਂ ਸਮੂਹ ਸੰਪ੍ਰਦਾਵਾਂ ਅਤੇ ਸਿਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨਿਜੀ ਮਤਭੇਦਾਂ ਨੂੰ ਲਾਂਭੇ ਰਖ ਕੇ ਸ਼ਰਧਾ ਨਾਲ ਕਾਰ ਸੇਵਾ ਵਿਚ ਸ਼ਾਮਲ ਹੋਣ ਅਤੇ ਸਰਕਾਰ ਨੂੰ ਵੀ ਚਿਤਾਵਨੀ ਦਿਤੀ ਕਿ ਕਾਰ-ਸੇਵਾ ਵਿਚ ਪੁਜਣ ਵਾਲੀਆਂ ਸੰਗਤਾਂ ਅਗੇ ਰੁਕਾਵਟਾਂ ਨਾ ਖੜੀਆਂ ਕੀਤੀਆਂ ਜਾਣ, ਸਗੋਂ ਪੰਜਾਬ ਦੇ ਵਾਤਾਵਰਣ ਨੂੰ ਠੀਕ ਕਰਨ ਲਈ ਸਭ ਨੌਜਵਾਨ ਤੇ ਨੇਤਾ ਰਿਹਾ ਕੀਤੇ ਜਾਣ।

ਇਸ ਖੂਨੀ ਸਾਕੇ ਦੇ ਵਰਤਣ ਕਾਰਨ ਹੁਣ ਤਕ ਗੁਰਸਿਖ ਸੰਗਤਾਂ ਰੱਤ ਦੇ ਹੰਝੂ ਹਿਰਦੇ ਵਿਚ ਨਪੀ, ਆਪੋ ਆਪਣੀਆਂ ਚਾਰ-ਦੀਵਾਰੀਆਂ ਵਿਚ ਹੀ ਤੜੀਆਂ ਬੈਠੀਆਂ ਸਨ। ਸਮੁਚੀ ਕੌਮ ਵਲੋਂ ਬਾਬਾ ਖੜਕ ਸਿੰਘ ਜੀ ਦੀ ਨਿਗਰਾਨੀ ਵਿਚ ਪਵਿਤਰ ਸਰੋਵਰ ਦੀ ਕਾਰ-ਸੇਵਾ ਦਾ ਸੱਦਾ ਸੁਣ ਕੇ, ਸੰਗਤਾਂ ਅੰਦਰ ਗੁਰੂ-ਦਰਸ਼ਨ ਪਰਸਨ ਅਤੇ ਗੁਰ-ਪਾਤਸ਼ਾਹ ਦੇ ਸਰੋਵਰ ਦੀ ਸੇਵਾ ਵਿਚ ਹੱਥ ਸਫਲੇ ਕਰਨ ਲਈ ਚਾਅ ਉਮਾਹ ਉਮਡ ਆਇਆ ਅਤੇ ਡਾਢੇ ਪਿਆਰ ਤੇ ਉਤਸ਼ਾਹ ਨਾਲ ਸ੍ਰੀ ਅੰਮ੍ਰਿਤਸਰ ਵਲ ਧਾਈਆਂ ਕਰ ਦਿਤੀਆਂ।

੧੨ ਅਕਤੂਬਰ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ-ਉਤਸਵ ਦਿਵਸ ਤੇ ਇਹ ਕਾਰ-ਸੇਵਾ ਪੰਜਾਂ ਪਿਆਰਿਆਂ ਨੇ ਅਰੰਭ ਕਰਨੀ ਸੀ। ਘੰਟਾ ਘਰ ਵਾਲੇ ਪਾਸੇ ਤੋਂ ਸਰੋਵਰ ਦਾ ਪੂਰਾ ਜਲ ਕਢ ਦਿਤਾ ਗਿਆ ਸੀ। ਇਸ ਦਿਨ ਅੰਮ੍ਰਿਤ ਵੇਲੇ ਤੋਂ ਸੰਗਤਾਂ ਦੀਆਂ ਵਹੀਰਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਾਹਰ, ਪਰਕਰਮਾਂ ਦੀ ਹਰ ਨੁਕਰ ਵਿਚ, ਬਰਾਂਡਿਆਂ ਉਪਰ, ਆਲੇ ਦੁਆਲੇ ਦੀਆਂ ਛਤਾਂ ਉਪਰ ਪੁਜੀਆਂ ਹੋਈਆਂ ਸਨ। ਜਿਧਰ ਨਜ਼ਰ ਮਾਰੋ, ਮਨੁਖੀ ਇਕੱਠ ਅਤੇ ਸਿਰ ਹੀ ਸਿਰ ਦਿਸਦੇ ਸਨ, ਤਿਲ ਸੁਟਿਆਂ ਭੁੰਜੇ ਨਹੀਂ ਸੀ ਪੈਂਦਾ। ਲੰਗਰ ਅਤੇ ਸਰਾਂ ਵਾਲੇ ਪਾਸੇ ਵੀ ਇਤਨੀ ਭੀੜ ਸੀ ਕਿ ਉਥੋਂ ਲੰਘਣਾ ਮੁਸ਼ਕਲ ਸੀ। ਬਾਬਾ ਖੜਕ ਸਿੰਘ ਜੀ ਦੀ ਉਡੀਕ ਵਿਚ ਸੰਗਤਾਂ ਭਾਰੀ ਗਿਣਤੀ ਵਿਚ ਸਰੋਵਰ ਦੇ ਪੌੜ ਮਲੀ ਬੈਠੀਆਂ ਸਨ ਅਤੇ ਕਈ ਕਾਹਲੇ ਜੁਆਨ ਤਾਂ ਸਰੋਵਰ ਦੀ ਗਾਰ ਵਿਚ ਉਤਰ ਗਏ ਸਨ। ਸ੍ਰੀ ਹਰਿਮੰਦਰ ਸਾਹਿਬ ਤੋਂ ਅੰਮ੍ਰਿਤ-ਭਿੰਨੇ ਕੀਰਤਨ ਦੀ ਮਿਠੀ ਮਿਠੀ ਫੁਹਾਰ ਪੈ ਰਹੀ ਸੀ ਅਤੇ ਰੋਹ ਨਾਲ ਭਰੇ ਹੋਏ ਹਿਰਦਿਆਂ ਨੂੰ ਸ਼ਾਂਤ ਕਰ ਰਹੀ ਸੀ।

ਸਾਢੇ ਦਸ ਵਜੇ ਦੇ ਕਰੀਬ ਬਾਬਾ ਖੜਕ ਸਿੰਘ ਜੀ ਗੁਰਦੁਆਰਾ ਬੀੜ ਸਾਹਿਬ ਤੋਂ ਹਜ਼ਾਰਾਂ ਸੰਗਤਾਂ ਦੇ ਭਾਰੀ ਜਲੂਸ ਨਾਲ ਕਾਰ-ਸੇਵਾ ਅਸਥਾਨ ਤੇ ਪੁਜੇ। ਉਸ ਵਕਤ ਤਕ ਸਿਖ ਸੰਗਤਾਂ ਅਤੇ ਨੌਜਵਾਨ ਉਡੀਕ ਵਿਚ ਬਹੁਤ ਕਾਹਲੇ ਪੈ ਰਹੇ ਸਨ ਅਤੇ ਜਿਥੇ ਸੰਗਤਾਂ ਵਿਚ "ਸਤਿਨਾਮ ਵਾਹਿਗੁਰੂ" ਦੀ ਸੁਰੀਲੀ ਧੁਨੀ ਉਠ ਰਹੀ ਸੀ ਉਥੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਵੀ ਅਕਾਸ਼ ਗੂੰਜ ਰਿਹਾ ਸੀ। ਬਾਬਾ ਜੀ ਦੇ ਪੁਜ ਜਾਣ ਤੇ ਬਾਬਾ ਬੁੱਢਾ ਜੀ ਦੇ ਬੇਰ ਲਾਗੇ ਰਖੇ ਗਏ ਸ੍ਰੀ ਅਖੰਡਪਾਠ ਦਾ ਭੋਗ ਪਾਇਆ ਗਿਆ। ਦੂਰ ਦੂਰ ਤਕ ਲਗੇ ਲਾਊਡ ਸਪੀਕਰਾਂ ਰਾਹੀਂ ਸਿਖ ਸੰਗਤਾਂ ਨੇ ਸ੍ਰਵਨ ਕੀਤਾ। ਉਪਰੰਤ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਜੀ ਨੇ ਅਰਦਾਸ ਕੀਤੀ ਅਤੇ ਪੰਜਾਂ ਪਿਆਰਿਆਂ ਨੇ ਸੋਨੇ ਦੀਆਂ ਕਹੀਆਂ ਨਾਲ ਟੱਕ ਲਾ ਕੇ ਚਾਂਦੀ ਦੇ ਬਾਟਿਆਂ ਨਾਲ ਪਵਿਤਰ ਕਾਰ-ਸੇਵਾ ਦਾ ਅਰੰਭ ਕੀਤਾ। ਉਡੀਕ ਵਿਚ ਬੇਤਾਬ ਹੋ ਰਹੀਆਂ ਲੱਖਾਂ ਸੰਗਤਾਂ ਕਾਰ-ਸੇਵਾ ਲਈ ਉਮਡ ਪਈਆਂ ਅਤੇ ਕਹੀਆਂ, ਬਾਟਿਆਂ ਅਤੇ ਬਾਲਟੀਆਂ ਨਾਲ ਗਾਰ ਕਢਣੀ ਸ਼ੁਰੂ ਕਰ ਦਿਤੀ। ਬਹੁਤੀਆਂ ਸੰਗਤਾਂ ਹੱਥਾਂ ਨਾਲ ਗਾਰ ਇਕੱਠੀ ਕਰ ਕੇ ਲਿਜਾ ਰਹੀਆਂ ਸਨ।

ਇਸ ਦਿਨ ਸ੍ਰੀ ਅੰਮ੍ਰਿਤਸਰ ਦੇ ਸਕੂਲ, ਕਾਲਜ ਅਤੇ ਸਰਕਾਰੀ ਦਫਤਰ ਬੰਦ ਸਨ। ਸਰਕਾਰੀ ਤੌਰ ਤੇ ਬਹੁਤ ਭਾਰੀ ਇਕੱਠ ਦੀ ਦੇਖ-ਰੇਖ ਲਈ ਸੁਰੱਖਿਆ ਦੇ ਵਡੀ ਮਾਤਰਾ ਵਿਚ ਪਰਬੰਧ ਕੀਤੇ ਹੋਏ ਸਨ। ਵਖ ਵਖ ਸੰਸਥਾਵਾਂ ਵਲੋਂ ਸਿਖ ਸੰਗਤਾਂ ਲਈ ਚਾਹ, ਪਾਣੀ, ਬਿਸਕੁਟ, ਮਠਿਆਈਆਂ ਅਤੇ ਲੰਗਰ ਦੇ ਥਾਉਂ ਥਾਈਂ ਪਰਬੰਧ ਕੀਤੇ ਗਏ ਸਨ। ਡਾਕਟਰੀ ਸਹਾਇਤਾ ਲਈ ਸਰਾਂ ਵਲ, ਬਾਬੇ ਬੁੱਢੇ ਜੀ ਦੀ ਬੇਰੀ ਲਾਗੇ ਅਤੇ ਹੋਰ ਕਈ ਥਾਈਂ ਫ਼ਸਟ ਏਡ ਦੇ ਭੀ ਚੰਗੇ ਪਰਬੰਧ ਸਨ। ਕਾਰ ਸੇਵਾ ਅਰੰਭ ਹੋਣ ਸਮੇਂ ਕੁਝ ਲੋਕ ਅਚਾਨਕ ਹੀ ਪੰਜਾਂ ਪਿਆਰਿਆਂ ਵਲ ਵਧੇ ਸਨ। ਜਿਸ ਕਾਰਨ ਕਈ ਸਜਣ ਡਿਗ ਪਏ ਤੇ ਕਈਆਂ ਨੂੰ ਸੱਟਾਂ ਵੀ ਲਗ ਗਈਆਂ। ਉਨ੍ਹਾਂ ਨੂੰ ਫੌਰੀ ਡਾਕਟਰੀ ਸਹਾਇਤਾ ਦਿਤੀ ਗਈ।



www.AKJ.Org

ਸੰਗਤਾਂ ਵਿਚ ਸੇਵਾ ਲਈ ਇਤਨਾ ਚਾਅ, ਉਮਾਹ ਅਤੇ ਉਤਸ਼ਾਹ ਸੀ ਕਿ ਦਿਨ ਭਰ ਤੋਂ ਬਾਅਦ ਸਾਰੀ ਰਾਤ ਵੀ ਸੰਗਤਾਂ ਸੇਵਾ ਵਿਚ ਜੁਟੀਆਂ ਰਹੀਆਂ ।

ਇਸ ਸੇਵਾ ਵਿਚ ਦੇਸ਼ ਭਰ ਦੇ ਅਪੋਜ਼ੀਸ਼ਨ ਪਾਰਟੀਆਂ ਦੇ ਉਘੇ ਲੀਡਰਾਂ ਨੇ ਵੀ ਹਾਜ਼ਰੀਆਂ ਭਰੀਆਂ ਅਤੇ ਖ਼ਿਆਲ ਕੀਤਾ ਜਾਂਦਾ ਹੈ ਕਿ ਇਸ ਪਹਿਲੇ ਦਿਨ ਦੀ ਅਰੰਭਕ ਸੇਵਾ ਵਿਚ ਚਾਰ ਲਖ ਸੰਗਤਾਂ ਨੇ ਹਿੱਸਾ ਲਿਆ । ਇਕ ਇਕ ਸ਼ਹਿਰ ਚੋਂ ਕਈ ਕਈ ਟਰੱਕ ਸਿਖ ਸੰਗਤਾਂ ਅਤੇ ਲੰਗਰ ਲਈ ਕਣਕ ਦੇ ਪੁਜੇ ਸਨ । ਕਾਰ-ਸੇਵਾ ਵਿਚ ਭਾਗ ਲੈਣ ਆਈਆਂ ਸੰਗਤਾਂ ਜਿਨ੍ਹਾਂ ਟ੍ਰਾਲੀਆਂ, ਬਸਾਂ ਅਤੇ ਟ੍ਰਕਾਂ ਆਦਿ ਤੇ ਪੁਜੀਆਂ ਸਨ, ਉਨ੍ਹਾਂ ਨਾਲ ਸਰਾਂ ਵਾਲਾ ਪਾਸਾ ਅਤੇ ਘੰਟਾ ਘਰ ਤੋਂ ਲੈ ਕੇ ਕੋਤਵਾਲੀ ਤਕ ਸਭ ਪਾਸੇ ਭਰੇ ਪਏ ਸਨ ਅਤੇ ਦੂਰ ਦੂਰ ਤਕ ਬਸਾਂ ਤੇ ਟਰੱਕ ਹੀ ਟਰੱਕ ਦਿਸਦੇ ਸਨ ।

ਦੂਜੇ ਦਿਨ ਵੀ ਹੋਰ ਹਜ਼ਾਰਾਂ ਸੰਗਤਾਂ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੀਆਂ ਪੈਦਲ ਕਾਫ਼ਲਿਆਂ ਵਿਚ ਅਤੇ ਕਾਰਾਂ-ਜੀਪਾਂ ਤੇ ਬੱਸਾਂ ਰਾਹੀਂ ਸਰੋਵਰ ਦੀ ਪਵਿਤਰ ਸੇਵਾ ਵਿਚ ਹਿੱਸਾ ਪਾਉਣ ਲਈ ਪੁਜਦੀਆਂ ਰਹੀਆਂ । ਸਿਖ ਸੰਗਤਾਂ ਵਿਚ ਸਿੰਘ ਸਿੰਘਣੀਆਂ ਅਤੇ ਜੁਆਨਾਂ ਦੇ ਨਾਲ ਬੱਚੇ ਤੇ ਬੱਢੇ ਵੀ ਡਾਢੇ ਪਿਆਰ-ਸ਼ਰਧਾ ਤੇ ਉਤਸ਼ਾਹ ਵਿਚ ਸੇਵਾ ਨਿਭਾਉਂਦੇ ਰਹੇ । ਅਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਸੁਣੇ ਜਾ ਰਹੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦਾ ਅਨੰਦ ਮਾਣਦੇ ਰਹੇ ।

ਇਸ ਸਮੇਂ ਬਾਬਾ ਖੜਕ ਸਿੰਘ ਜੀ ਨੇ ਆਸ ਪ੍ਰਗਟਾਈ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਫਿਰ ਪ੍ਰੇਮ ਅਤੇ ਮਾਨਵਤਾ ਦਾ ਸੰਦੇਸ ਚਹੁ ਕੂੰਟਾਂ ਵਿਚ ਫੈਲੇਗਾ । ਸੇਵਾ ਕਰ ਰਹੀਆਂ ਸਿਖ ਸੰਗਤਾਂ ਨੂੰ ਬਾਬਾ ਜੀ ਨੇ ਸੰਬੋਧਨ ਕੀਤਾ ਕਿ "ਨਾਮ ਜਪੋ ਅਤੇ ਕਾਰ ਕਰੋ" । ਬਾਬਾ ਜੀ ਨੇ ਕਿਹਾ ਕਿ ਦਾਸ ਤਾਂ ਸਿਖ ਸੰਗਤਾਂ ਦਾ ਇਕ ਨਿਮਾਣਾ ਜਿਹਾ ਸੇਵਕ ਹੈ ।

## ਕੌਲਸਰ ਸਰੋਵਰ ਦੀ ਕਾਰ ਸੇਵਾ ਸ਼ੁਰੂ–

ਤੀਜੇ ਦਿਨ ਕਾਰ-ਸੇਵਾ ਕਰ ਰਹੀਆਂ ਸੰਗਤਾਂ ਦੀ ਗਿਣਤੀ ਬਹੁਤ ਹੀ ਵਧਦੀ ਗਈ ਅਤੇ ਸ਼ਰਧਾਲੂਆਂ ਦੀ ਇੰਨੀ ਭੀੜ ਸੀ ਕਿ ਕਿਸੇ ਪਾਸੇ ਵੀ ਤਿਲ ਸੁਟਣ ਨੂੰ ਥਾਂ ਨਹੀਂ ਸੀ । ਸੰਗਤਾਂ ਦਾ ਇਤਨਾ ਭਾਰੀ ਉਤਸ਼ਾਹ ਤੇ ਉਮਾਹ ਵੇਖ ਕੇ ਨਾਲ ਲਗਦੇ ਗੁ: ਬਾਬਾ ਅਟੱਲ ਸਾਹਿਬ ਲਾਗੇ ਕੌਲਸਰ ਦੇ ਸਰੋਵਰ ਦੀ ਸੇਵਾ ਅਰੰਭ ਕਰਵਾ ਦਿਤੀ ਗਈ । ਇਸ ਕਾਰ ਸੇਵਾ ਦਾ ਪੰਜਾਂ ਪਿਆਰਿਆਂ ਵਲੋਂ ਟੱਕ ਲਾਉਣ ਤੋਂ ਪਹਿਲਾਂ ਸ਼ਰਧਾਲੂਆਂ ਨੇ ਅਰਦਾਸ ਕੀਤੀ ਅਤੇ ਹੁਣ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ । ਇਸ ਸਰੋਵਰ ਦੀ ਕਾਰ ਸੇਵਾ ਤਾਂ ਦੋ ਦਿਨਾ ਵਿਚ ਹੀ ਸੰਪੂਰਨ ਹੋ ਗਈ ।

੧੫ ਅਕਤੂਬਰ ਤਕ ਅੰਮ੍ਰਿਤ-ਸਰੋਵਰ ਦੇ ਪਹਿਲੇ ਅੱਧ ਦੇ ਤਲ ਦੀ ਸਫ਼ਾਈ ਹੋ ਕੇ ਸ਼ਾਮ ਨੂੰ ਜਲ ਭਰਨ ਦਾ ਕਾਰਜ ਅਰੰਭ ਦਿਤਾ ਗਿਆ । ੧੬.੧੦ ਨੂੰ ਦੂਜੇ ਅੱਧ ਦੇ ਜਲ ਵਿਚੋਂ ਮੱਛੀਆਂ ਕਢ ਕੇ ਪਹਿਲੇ ਅੱਧ ਦੇ ਨਵੇਂ ਜਲ ਵਿਚ ਪਾ ਦਿਤੀਆਂ ਗਈਆਂ ਅਤੇ ੧੭.੧੦ ਨੂੰ ਪਵਿਤਰ ਸਰੋਵਰ ਦੇ ਦੂਜੇ ਅੱਧ ਵਿਚੋਂ ਜਲ ਦਾ ਨਿਕਾਸ ਕਰ ਕੇ ਕਾਰ-ਸੇਵਾ ਅਰੰਭ ਦਿਤੀ ਗਈ । ਅੰਦਾਜ਼ਾ ਲਗਾਇਆ ਗਿਆ ਕਿ ਲਗ ਪਗ ਦਸ ਲੱਖ ਸੰਗਤਾਂ ਨੇ ਇਸ ਕਾਰ-ਸੇਵਾ ਵਿਚ ਹਿੱਸਾ ਲਿਆ । ਸੰਗਤਾਂ ਦੀ ਇਤਨੀ ਭੀੜ ਸੀ ਕਿ ਕੰਟਰੋਲ ਕਰਨਾ ਕਠਨ ਹੋ ਗਿਆ ਸੀ । ਹਾਲ ਬਜ਼ਾਰ ਤੋਂ ਦਰਬਾਰ ਸਾਹਿਬ ਤਕ ਪੁਜਣ ਲਈ ਘੰਟੇ ਵਿਚ ਵੀ ਨਹੀਂ ਸੀ ਪੁਜਿਆ ਜਾਂਦਾ । ਸੰਗਤਾਂ ਦਾ ਇੰਨਾ ਜੋਸ਼ ਤੇ ਉਤਸ਼ਾਹ ਵੇਖ ਕੇ ਗਾਰ ਕਢ ਕੇ ਸੁਟਣ ਦਾ ਰਸਤਾ ਲੰਮਾ ਕਰ ਦਿਤਾ ਗਿਆ, ਤਾਕਿ ਅਗਲੇ ਦਿਨ ਆਉਣ ਵਾਲੀਆਂ ਸੰਗਤਾਂ ਨੂੰ ਸੇਵਾ ਵਿਚ ਹਿੱਸਾ ਮਿਲ ਸਕੇ । ਕੰਪਲੈਕਸ ਤੋਂ ਇਕ ਕਿਲੋਮੀਟਰ ਦੀ ਦੂਰੀ ਤੇ ਗੁ: ਰਾਮਸਰ ਦੀ ਗਰਾਊਂਡ ਵਿਚ ਗਾਰ ਲਿਜਾਈ ਜਾਣ ਲਗੀ । ਇਸ ਰਸਤੇ ਵਿਚ ਵੀ ਸਿਰਾਂ ਤੇ ਬਾਟੇ ਚੁਕੀ ਇਸਤ੍ਰੀਆਂ ਮਰਦਾਂ ਅਤੇ ਬੱਚਿਆਂ ਬੁਢਿਆਂ ਦਾ ਤਾਂਤਾ ਲਗਾ ਹੋਇਆ ਸੀ ਅਤੇ ਰਸਤੇ ਵਿਚ ਥਾਂ ਥਾਂ ਸੰਗਤਾਂ ਨੂੰ ਚਾਹ ਪਾਣੀ ਤੇ ਬਿਸਕੁਟ ਆਦਿ ਛਕਾਉਣ ਵਾਲੇ ਪ੍ਰੇਮੀਆਂ ਦੀ ਵੀ ਕੋਈ ਕਮੀ ਨਹੀਂ ਸੀ ।

੧੮ ਅਕਤੂਬਰ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਫੌਜੀ ਕਾਰਵਾਈ ਸਦਕਾ ਵਾਪਰੀ ਅਪਵਿਤਰਤਾ ਤੇ ਭਰਿਸ਼ਟਤਾ ਦੂਰ ਕਰਨ ਅਤੇ ਪਵਿਤਰ ਸਰੋਵਰ ਦੀ ਸਵੱਛਤਾ ਵਾਸਤੇ, ੧੨ ਅਕਤੂਬਰ ਤੋਂ ਅਰੰਭ ਹੋਈ ਸਾਰੇ ਸਰੋਵਰ ਦੀ ਕਾਰ-ਸੇਵਾ ਲਗ ਪਗ ਮੁਕੰਮਲ ਹੋ ਗਈ । ਬਣੇ ਪ੍ਰੋਗਰਾਮ ਅਨੁਸਾਰ ਇਹ ਕਾਰ ਸੇਵਾ ਕੁਝ ਦਿਨ ਹੋਰ ਚਲਣੀ ਸੀ, ਪਰ ਸੰਗਤਾਂ ਦੀ ਬੇਅੰਤਹਾ ਗਿਣਤੀ, ਜੋਸ਼, ਉਤਸ਼ਾਹ ਅਤੇ ਪਿਆਰ ਸਦਕਾ ਨੀਯਤ ਸਮੇਂ ਤੋਂ ਪਹਿਲਾਂ ਹੀ ਸੰਪੂਰਨ ਹੋ ਗਈ । ਸਰੋਵਰ ਵਿਚ ਜਲ ੧੯-੧੦ ਤੋਂ ਪੈਣਾ ਸ਼ੁਰੂ ਹੋ ਗਿਆ ਅਤੇ ੨੪ ਅਕਤੂਬਰ ਦੀਵਾਲੀ ਤਕ ਸਰੋਵਰ ਵਿਚ ਜਲ ਭਰਪੂਰ ਹੋ ਕੇ ਲਹਿਰਾਂ ਮਾਰ ਰਿਹਾ ਸੀ । ਅਤੇ ਲੱਖਾਂ ਸੰਗਤਾਂ ਇਸ਼ਨਾਨ ਕਰਕੇ ਤਨ ਮਨ ਠਾਰ ਰਹੀਆਂ ਸਨ ।

ਇਸ ਸੇਵਾ ਵਿਚ ਲੱਖਾਂ ਸਿਖਾਂ ਤੋਂ ਬਿਨਾਂ ਹਜ਼ਾਰਾਂ ਹਿੰਦੂਆਂ, ਮੁਸਲਮਾਨਾਂ ਅਤੇ ਹੋਰਨਾਂ ਵਰਗਾਂ ਦੇ ਲੋਕਾਂ ਦੇ ਸ਼ਾਮਲ ਹੋਣ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਸਰਬ-ਸਾਂਝਤੀ, ਧਾਰਮਕ ਗੌਰਵਤਾ ਅਤੇ ਸਰੇਸ਼ਟਤਾ ਤੋਂ ਸਾਰਾ ਸੰਸਾਰ ਦੰਗ ਰਹਿ ਗਿਆ ਹੈ ।


www.AKJ.Org

# ਪੰਥਕ ਸਮਾਚਾਰ—ਅਖ਼ਬਾਰਾਂ ਦੀ ਜ਼ਬਾਨੀ

## ਗਿ: ਜ਼ੈਲ ਸਿੰਘ ਵਲੋਂ ਦਰਬਾਰ ਸਾਹਿਬ, ਸਿੰਘ ਸਾਹਿਬ ਦੇ ਹਵਾਲੇ ਕਰਨ ਦਾ ਐਲਾਨ

ਅੰਮ੍ਰਿਤਸਰ, ੨੭ ਸਤੰਬਰ, ਪੰਜ ਸਿੰਘ ਸਾਹਿਬਾਨ ਵਲੋਂ ਦਰਬਾਰ ਸਾਹਿਬ ਕੰਪਲੈਕਸ ਚੋਂ ੩੦ ਸਤੰਬਰ ਤਕ ਫੌਜ ਕਢਣ ਦੇ ਅਲਟੀਮੇਟਮ ਨੂੰ ਮੁਖ ਰਖਦਿਆਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਫੌਜ ਵਾਪਸ ਸੱਦਣ ਦੇ ਐਲਾਨ ਪਿਛੋਂ, ਅਜ ਰਾਸ਼ਟਰਪਤੀ ਗਿ: ਜ਼ੈਲ ਸਿੰਘ ਨੇ ਆਪ ਅੰਮ੍ਰਿਤਸਰ ਆ ਕੇ ਦਰਬਾਰ ਸਾਹਿਬ ਕੰਪਲੈਕਸ ਵਿਚ ਫੌਜੀ ਕਾਰਵਾਈ ਦੀ ਸੰਗਤ ਤੋਂ ਮਾਫ਼ੀ ਮੰਗੀ ਅਤੇ ਐਲਾਨ ਕੀਤਾ ਕਿ ਕਲ੍ਹ ਸ਼ਾਮ ਤਕ ਸੀਮਾ ਫ਼ੋਰਸ ਵੀ ਦਰਬਾਰ ਸਾਹਿਬ ਵਿਚੋਂ ਕਢ ਲਈ ਜਾਵੇਗੀ।

ਅਜੀਤ, ੨੮-੧੦-੮੪

## ਦਰਬਾਰ ਸਾਹਿਬ ਸਮੂਹ ਦਾ ਪਰਬੰਧ ਸਿੰਘ ਸਾਹਿਬਾਨ ਦੇ ਹਵਾਲੇ—

੨੯ ਸਤੰਬਰ ਨੂੰ ਦਰਬਾਰ ਸਾਹਿਬ ਸਮੂਹ ਵਿਚੋਂ ਫ਼ੌਜ ਦੇ ਚਲੇ ਜਾਣ ਤੇ ਇਸ ਦਾ ਪਰਬੰਧ ਸਿੰਘ ਸਾਹਿਬਾਨ ਦੇ ਹਵਾਲੇ ਕਰ ਦਿਤਾ ਗਿਆ। ਇਸ ਦੇ ਸੁਕਰਾਨੇ ਵਜੋਂ ਇਕ ਅਕਤੂਬਰ ਨੂੰ ਸਿਖ ਜਗਤ ਨੂੰ 'ਸ਼ੁਕਰਾਨਾ ਦਿਵਸ' ਮਨਾਉਣ ਦਾ ਫੈਸਲਾ ਕੀਤਾ ਗਿਆ, ਇਸ ਸੰਬੰਧ ਵਿਚ ਅਕਾਲ ਤਖਤ ਸਾਹਿਬ ਅਤੇ ਦੇਸ਼ ਦੇ ਦੂਜੇ ਭਾਗਾਂ ਦੇ ਗੁਰਦੁਆਰਿਆਂ ਵਿਚ ਰਖਾਏ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡਪਾਠਾਂ ਦੇ ਭੋਗ ਪਾਏ ਜਾਣਗੇ ਤੇ ਦਰਬਾਰ ਸਾਹਿਬ ਦਾ ਪਰਬੰਧ ਖਾਲਸਾ ਪੰਥ ਦੇ ਹਵਾਲੇ ਹੋਣ ਤੇ ਅਕਾਲ ਪੁਰਖ ਦਾ ਧੰਨਵਾਦ ਕੀਤਾ ਜਾਵੇਗਾ।

## ਸ਼ੁਕਰਾਨਾ ਦਿਵਸ, ਗੜ ਬੜ ਅਤੇ ਲਾਠੀਚਾਰਜ—

ਅੰਮ੍ਰਿਤਸਰ, ੧ ਅਕਤੂਬਰ, ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅਤੇ ਤੋਸ਼ਾਖਾਨਾ ਸਿਖ ਪੰਥ ਨੂੰ ਸੌਂਪੇ ਜਾਣ ਪਿਛੋਂ ਸਿੰਘ ਸਾਹਿਬਾਨ ਦੀ ਕਾਲ ਤੇ ਅਜ ਦੇਸ਼ ਬਦੇਸ਼ ਵਿਚ ਸਿਖ ਸੰਗਤਾਂ ਵਲੋਂ ਸ਼ੁਕਰਾਨਾ ਦਿਵਸ ਮਨਾਇਆ ਗਿਆ। ਅਕਾਲ ਤਖ਼ਤ ਸਾਹਿਬ ਤੇ ਰਖੇ ਗਏ ਸ੍ਰੀ ਅਖੰਡਪਾਠ ਦੇ ਅਜ ਸਵੇਰੇ ੧੦ ਵਜੇ ਭੋਗ ਪਿਛੋਂ ਭਾਰੀ ਦੀਵਾਨ ਸਜਿਆ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਅਰਦਾਸ ਕਰਦਿਆਂ ਵਾਹਿਗੁਰੂ ਦਾ ਧੰਨਵਾਦ ਕੀਤਾ ਜਿਸ ਦੀ ਕਿਰਪਾ ਦੁਆਰਾ ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਖੁਲ੍ਹੇ ਦਰਸ਼ਨ ਦੀਦਾਰੇ ਹੋ ਸਕੇ ਹਨ।

ਉਨ੍ਹਾਂ ਦਸਿਆ ਕਿ ਸ੍ਰੀ ਅਕਾਲ ਤਖ਼ਤ ਅਤੇ ਸ੍ਰੀ ਹਰਿਮੰਦਰ ਸਾਹਿਬ ਤੇ ਪੁਰਾਣੀ ਮਰਯਾਦਾ ਅਜ ਤੋਂ ਫਿਰ ਬਹਾਲ ਹੋ ਗਈ ਹੈ ਅਤੇ ਤ੍ਰਿਪਹਿਰੇ ਦੇ ਵੇਲੇ ਦਰਬਾਰ ਸਾਹਿਬ ਦੇ ਕਿਵਾੜ ਖੁੱਲ੍ਹੇ ਗਏ ਅਤੇ ਸ਼ਬਦ ਕੀਰਤਨ ਸ਼ੁਰੂ ਹੋ ਗਿਆ ਹੈ। ਇਸ ਸਮੇਂ ਦਸਿਆ ਗਿਆ ਕਿ ਸਿੰਘ ਸਾਹਿਬਾਨ ਨੇ ਪਵਿਤਰ ਸਰੋਵਰ ਦੀ ਕਾਰ-ਸੇਵਾ ਬਾਬਾ ਖੜਕ ਸਿੰਘ ਜੀ ਨੂੰ ਸੌਂਪ ਦਿਤੀ ਹੈ। ਪਿਛੋਂ ਬਾਬਾ ਬੁੱਢਾ ਜੀ ਦੀ ਬੇਰ ਦੇ ਲਾਗੇ ਬਾਬਾ ਖੜਕ ਸਿੰਘ ਜੀ ਨੇ ਬਟਣ ਦਬਾ ਕੇ ਪਾਣੀ ਕਢਣ ਵਾਲੇ ਪੰਪਾਂ ਨੂੰ ਚਾਲੂ ਕਰ ਦਿਤਾ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸਿਖ ਪੰਥ ਦੇ ਹਵਾਲੇ ਕੀਤੇ ਜਾਣ ਦੇ ਦੋ ਦਿਨਾਂ ਪਿਛੋਂ ਹੀ ਅੱਜ ਫੌਜ, ਪੁਲਸ ਅਤੇ ਸੀ. ਆਰ. ਪੀ. ਫਿਰ ਕੰਪਲੈਕਸ ਵਿਚ ਦਾਖ਼ਲ ਹੋਈ, ਜਦ ਕੁਝ ਖਾਲਿਸਤਾਨ ਪੱਖੀ ਅਤੇ ਭਿੰਡਰਾਂਵਾਲੇ ਦੇ ਹਾਮੀ ਯੁਵਕਾਂ ਨੇ ਅਕਾਲ ਤਖ਼ਤ ਸਾਹਿਬ ਤੇ ਕਬਜ਼ਾ ਕਰ ਲਿਆ ਅਤੇ ਦਰਸ਼ਨੀ ਡਿਓਢੀ ਉਪਰ ਖਾਲਿਸਤਾਨ ਦਾ ਝੰਡਾ ਲਹਿਰਾ ਦਿਤਾ।

ਸੀਨੀਅਰ ਸੁਪਰਡੈਂਟ ਪੁਲਸ ਦੀ ਅਗਵਾਈ ਵਿਚ ਭਾਰੀ ਪੁਲਸ ਫੋਰਸ ਨੇ ਸੀ.ਆਰ.ਪੀ. ਦੇ ਜੁਆਨਾਂ ਦੀ ਮਦਦ ਨਾਲ, ਭਿੰਡਰਾਂਵਾਲੇ ਪੱਖੀ ਨਾਅਰੇ ਲਗਾਉਂਦੇ ਵਿਅਕਤੀਆਂ ਉਤੇ ਲਾਠੀਚਾਰਜ ਕੀਤਾ। ਕੰਪਲੈਕਸ ਵਿਚ ਦਰਜਨਾਂ ਵਿਅਕਤੀ ਲਾਠੀਆਂ ਵਜਣ ਨਾਲ ਲਹੂ ਲੁਹਾਨ ਹੋ ਗਏ। ਪਿਛੋਂ ਮਿਲੀ ਇਤਲਾਹ ਅਨੁਸਾਰ ਪੁਲਸ ਅਤੇ ਸੀ.ਆਰ.ਪੀ. ਐਫ਼ ਦੇ ਬਹੁਤੇ ਕਰਮਚਾਰੀ, ਕੁਝ ਔਰਤਾਂ ਸਮੇਤ ੪੦੦ ਵਿਅਕਤੀਆਂ ਨੂੰ ਫੜਨ ਪਿਛੋਂ ਬਾਹਰ ਆ ਗਏ। —ਅਜੀਤ, ੨-੧੦-੮੪

## ਸਿੰਘ ਸਾਹਿਬਾਨ ਵਲੋਂ ਦੋਸ਼—

ਅੰਮ੍ਰਿਤਸਰ, ੨ ਅਕਤੂਬਰ, ਪੰਜ ਸਿੰਘ ਸਾਹਿਬਾਨ ਨੇ ਕਲ੍ਹ 'ਸ਼ੁਕਰਾਨਾ ਦਿਵਸ' ਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ 'ਖਾਲਿਸਤਾਨ ਹਾਮੀਆਂ' ਵਲੋਂ ਗੜਬੜ ਲਈ ਕਾਂਗ੍ਰਸ ਨੂੰ ਜ਼ਿਮੇਵਾਰ ਠਹਿਰਾਇਆ ਹੈ ਅਤੇ ਦੋਸ਼ ਲਗਾਇਆ ਹੈ ਕਿ ਇਹ ਉਨ੍ਹਾਂ ਦੀ ਅਤੇ ਸ੍ਰੀ ਅਕਾਲ ਤਖ਼ਤ ਦੀ ਸਰਬ ਉਚ ਅਥਾਰਟੀ ਨੂੰ ਸਿਖ ਸੰਗਤਾਂ ਦੀਆਂ ਨਜ਼ਰਾਂ ਵਿਚ ਡੇਗਣ ਲਈ ਸਾਜ਼ਸ਼ ਦਾ ਹਿੱਸਾ ਹਨ। .....ਕੁਝ ਕਾਂਗਰਸੀ (ਆਈ) ਲੀਡਰਾਂ ਨੇ ਇਸ ਉਦੇਸ਼ ਲਈ ਕੁਝ ਬੰਦੇ ਭੇਜੇ ਸਨ, ਤਾਂ ਜੁ ਸ਼ੁਕਰਾਨੇ ਲਈ ਜੁੜੇ ਦੀਵਾਨ ਵਿਚ ਗੜਬੜ ਪੈਦਾ ਕੀਤੀ ਜਾ ਸਕੇ। —ਅਜੀਤ, ੩-੧੦-੮੪

## ਕਾਰ ਸੇਵਾ ਤੋਂ ਵਾਪਸ ਜਾਂਦੀ ਸੰਗਤ ਪੁਲਸ ਨੇ ਘੇਰ ਲਈ—

ਤਰਨ ਤਾਰਨ, ੧੮ ਅਕਤੂਬਰ—ਬੀਤੀ ਰਾਤ ਸਥਾਨਕ ਪੁਲਸ ਨੇ ਪਿੰਡ ਧੂੰਦੇ ਦੇ ੧੧੦੦ ਦੇ ਕਰੀਬ ਸਿੰਘਾਂ ਸਿੰਘ-ਣੀਆਂ ਨੂੰ ਖਾਲਿਸਤਾਨ ਦੇ ਹੱਕ ਵਿਚ ਨਾਅਰੇ ਲਾਉਣ ਦੇ ਦੋਸ਼ ਵਿਚ ਹਿਰਾਸਤ ਵਿਚ ਲੈ ਲਿਆ। ਦਸਿਆ ਜਾਂਦਾ ਹੈ ਕਿ ਪਵਿਤਰ ਸਰੋਵਰ ਦੀ ਕਾਰ ਸੇਵਾ ਵਿਚ ਭਾਗ ਲੈਣ ਤੋਂ ਬਾਅਦ ਇਹ ਸਿੰਘ ਸਿੰਘਣੀਆਂ ੧੨ ਟ੍ਰਾਲੀਆਂ ਚਿ ਵਾਪਸ ਪਿੰਡ ਜਾ ਰਹੇ ਸਨ ਕਿ ਤਰਨ ਤਾਰਨ ਚਿ ਰਾਧਾ ਸੁਆਮੀਆਂ ਦੇ ਇਕ ਡੇਰੇ ਦੇ ਸੰਚਾਲਕਾਂ ਦੀ ਸ਼ਕਾਇਤ ਤੇ ਪੁਲਸ ਨੇ ਪਿਛਾ ਕਰ ਕੇ ਟ੍ਰਾਲੀਆਂ ਨੂੰ ਪਿੰਡ ਨੌਰੰਗਾਬਾਦ ਦੇ ਨੇੜੇ ਰੋਕ ਕੇ ਸਾਰੀ ਸੰਗਤ ਨੂੰ ਸਥਾਨਕ ਸਦਰ ਥਾਣੇ ਵਿਚ ਡੱਕ ਦਿਤਾ।......ਇਨ੍ਹਾਂ ਬੀਬੀਆਂ ਨੇ ਸਾਡੇ ਪੱਤਰ ਪ੍ਰੇਰਕ ਨੂੰ ਦਸਿਆ ਕਿ ਸੰਗਤ ਕੇਵਲ ਜੈਕਾਰੇ ਛਡ ਰਹੀ ਸੀ, ਕੋਈ ਨਾਅਰਾ ਨਹੀਂ ਲਾਇਆ ਗਿਆ।

—ਅਜੀਤ ੧੯-੧੦-੮੪



www.AKJ.Org

## ਅੰਮ੍ਰਿਤਧਾਰੀ ਕਾਤਲ ਹਨ ?

ਨਵੀਂ ਦਿੱਲੀ, ੧੯ ਅਕਤੂਬਰ—ਕੀ ਸਾਰੇ ਸਿੱਖ ਵੱਖਵਾਦੀ ਹਨ ?...ਅਤੇ ਸਾਰੇ ਅੰਮ੍ਰਿਤਧਾਰੀ ਖਤਰਨਾਕ ਹਨ ? ਨਵੀਂ ਦਿੱਲੀ ਤੋਂ ਛਪਦੇ ਮਾਸਕ ਪੱਤਰ 'ਸੂਰੀਆ' ਨੇ ਆਪਣੇ ਤਾਜ਼ਾ ਅੰਕ ਵਿਚ ਆਰਮੀ ਹੈਡਕੁਆਟਰ ਵਲੋਂ ਪੰਜਾਬ ਸਥਿਤੀ ਬਾਰੇ ਛਾਪੇ ਗਏ ਇਕ ਗਜ਼ਟ ਦਾ ਕੁਝ ਸਾਰਾਂਸ਼ ਛਾਪਿਆ ਹੈ ਜਿਸ ਦੇ ਕ੍ਰਮ ਨੰ: ੫ ਤੇ 'ਇਕ ਅਪੀਲ' ਸਿਰਲੇਖ ਹੇਠ ਲਿਖਿਆ ਗਿਆ ਹੈ : ਭਾਵੇਂ ਬਹੁਗਿਣਤੀ ਦਹਿਸ਼ਤ-ਪਸੰਦਾਂ ਦਾ ਸਫਾਇਆ ਹੋ ਗਿਆ ਹੈ ਅਤੇ ਭਾਰੀ ਮਾਤਰਾ ਵਿਚ ਗੋਲੀ-ਸਿੱਕਾ ਬ੍ਰਾਮਦ ਹੋਇਆ ਹੈ, ਫਿਰ ਵੀ ਇਨ੍ਹਾਂ ਵਿਚੋਂ ਬਹੁਤ ਸਾਰੇ ਭਗੌੜਾ ਹੋ ਗਏ ਹਨ। ਦੇਸ਼ ਵਿਚ ਅਮਨ ਬਹਾਲ ਕਰਨ ਦੇ ਉਦੇਸ਼ ਨਾਲ, ਇਨ੍ਹਾਂ ਤੇ ਵੀ ਕਾਬੂ ਪਾਉਣਾ ਪਵੇਗਾ। ਜੇ ਕਿਸੇ ਨੂੰ ਵੀ ਕਿਸੇ ਅੰਮ੍ਰਿਤਧਾਰੀ, ਜੋ ਖਤਰਨਾਕ ਹਨ ਅਤੇ ਜਿਹਨਾਂ ਨੇ ਕਤਲ, ਅੱਗਾਂ ਲਾਉਣ ਅਤੇ ਦਹਿਸ਼ਤ ਫੈਲਾਉਣ ਦੀ ਪ੍ਰਤਗਿਆ ਕੀਤੀ ਹੋਈ ਹੈ, ਦਾ ਪਤਾ ਲਗੇ ਤਾਂ ਉਹ ਇਸ ਦੀ ਸੂਚਨਾ ਅਧਿਕਾਰੀਆਂ ਨੂੰ ਦੇਵੇ। ਇਹ ਲੋਕ ਸਿਰਫ ਉਪਰੋਂ ਹੀ 'ਸਾਊ' ਦਿਖਦੇ ਹਨ, ਪਰ ਬੁਨਿਆਦੀ ਤੌਰ ਤੇ ਇਹਨਾਂ ਦਹਿਸ਼ਤ-ਪਸੰਦੀ ਲਈ ਦ੍ਰਿੜ ਨਿਸਚਾ ਕੀਤਾ ਹੋਇਆ ਹੈ। ਇਹ ਸਾਡੇ ਸਾਰਿਆਂ ਦੇ ਹਿੱਤ ਵਿਚ ਹੋਵੇਗਾ ਕਿ ਉਹਨਾਂ ਦਾ ਅੱਤਾ ਪੱਤਾ ਦੱਸਿਆ ਜਾਵੇ।

ਇਸ ਗਜ਼ਟ ਵਿਚ ਫੌਜੀ ਕਾਰਵਾਈ ਦੇ ਉਦੇਸ਼ਾਂ ਅਤੇ ਅੱਤਵਾਦੀ ਸਰਗਰਮੀਆਂ ਬਾਰੇ ਕਾਫੀ ਕੁਝ ਲਿਖਿਆ ਗਿਆ ਹੈ।

ਅਜੀਤ, ੧੯-੧੦-੮੪

ਆਰਮੀ ਹੈਡਕੁਆਟਰ ਦੇ ਸੂਚਨਾ ਪਤਰ 'ਬਾਤ ਚੀਤ' ਨੰ: ੧੫੩, ਜੁਲਾਈ ੧੯੮੪ ਅਨੁਸਾਰ **'ਪੰਜਾਬ ਦੇ ਹਾਲਾਤ'** ਦਸਦਿਆਂ ਪੈਰਾ ਨੰਬਰ ਦੋ ਵਿਚ ਲਿਖਿਆ ਹੈ—

"ਸਾਡੇ ਕਈ ਅਨਜਾਣ ਤੇ ਭੋਲੇ-ਭਾਲੇ ਦੇਸ਼-ਵਾਸੀਆਂ ਨੂੰ ਧਰਮ ਦੇ ਨਾਂ ਤੇ ਸਹੁੰ ਖੁਆਈ ਗਈ ਹੈ ਕਿ ਉਹ ਅੱਤਵਾਦੀਆਂ ਦੀ ਸਹਾਇਤਾ ਕਰਨ ਅਤੇ ਉਨ੍ਹਾਂ ਦੀਆਂ ਹੁਲੜਬਾਜ਼ੀਆਂ ਦੀਆਂ ਸਰਗਰਮੀਆਂ ਵਿਚ ਜ਼ੋਰ-ਸ਼ੋਰ ਨਾਲ ਹਿੱਸਾ ਲੈਣ। ਅਜਿਹੇ ਆਦਮੀ ਆਪਣੇ ਗਲ ਵਿਚ ਛੋਟੀ ਕਿਰਪਾਨ ਪਹਿਨਦੇ ਹਨ ਅਤੇ ਆਪਣੇ ਆਪ ਨੂੰ 'ਅੰਮ੍ਰਿਤਧਾਰੀ' ਅਖਵਾਉਂਦੇ ਹਨ।"

—ਗੁਰਦੁਆਰਾ ਗਜ਼ਟ, ਸਤੰਬਰ ੧੯੮੪

---

## ਭਾ: ਸਾ: ਭਾਈ ਰਣਧੀਰ ਸਿੰਘ ਸਕਾਲਸ਼ਿਪ ਸੰਬੰਧੀ ਟੈਸਟ ਐਤਕੀ ਲੁਧਿਆਣਾ ਸਮਾਗਮ ਤੇ

ਐਤਕੀ ਦਿਲੀ ਦਾ ਸਾਲਾਨਾ ਸਮਾਗਮ ਕੁਝ ਮਜਬੂਰੀਆਂ ਕਾਰਨ ਕੈਂਸਲ ਹੋ ਜਾਣ ਕਰਕੇ ਜਿਨ੍ਹਾਂ ਬੱਚਿਆਂ ਦੇ ਟੈਸਟ ਹੋ ਕੇ ਉਪਰੋਕਤ ਸਕਾਲਰਸ਼ਿਪ ਦਿਤੇ ਜਾਣੇ ਸਨ, ਉਹ ਦਿਤੇ ਨਹੀਂ ਜਾ ਸਕੇ। ਹੁਣ ਇਸ ਸਕੀਮ ਅਧੀਨ ਅਠਵੀਂ ਤਕ ਦੇ ਬੱਚਿਆਂ ਤੋਂ ਲੈ ਕੇ ਐਮ. ਏ. ਤਕ ਦੇ ਸਿਖ ਵਿਦਿਆਰਥੀਆਂ ਲਈ ਗੁਰਬਾਣੀ ਅਤੇ ਖਾਲਸਾ ਰਹਿਤ ਬਹਿਤ ਦ੍ਰਿੜ੍ਹ ਕਰਾਉਣ ਲਈ ਇਹ ਵਜ਼ੀਫੇ ੫੦-੦੦, ੮੦-੦੦ ਅਤੇ ੧੦੦-੦੦ ਮਹੀਨੇ ਦੇ ਹਿਸਾਬ ਦਿਤੇ ਜਾਣ ਵਾਲੇ ਲੁਧਿਆਣੇ ਵਿਖੇ ਪੋਹ ਸੁਦੀ ਸਪਤਮੀ ਦੇ ਸਮਾਗਮ ਸਮੇਂ ਫੈਸਲਾ ਕੀਤੇ ਜਾਣਗੇ। ਬੱਚਿਆਂ ਦੇ ਹੋਣ ਵਾਲੇ ਟੈਸਟ ਸੰਬੰਧੀ ਠੀਕ ਸਮਾਂ ਤੇ ਤਰੀਕ ਆਉਂਦੇ ਮਹੀਨੇ ਦੇ 'ਸੂਰਾ' ਪੱਤਰ ਵਿਚ ਛਾਪੀ ਜਾਏਗੀ। ਇਸ ਸਕੀਮ ਸੰਬੰਧੀ ਫ਼ਾਰਮ ਤੇ ਨਿਯਮ ਇਕ ਰੁਪਏ ਦਾ ਮਨੀਆਰਡਰ ਹੇਠ ਲਿਖੇ ਪਤੇ ਤੇ ਭੇਜ ਕੇ ਮੰਗਵਾਏ ਜਾਂਦੇ ਹਨ—

ਮਾਸਟਰ ਹਰਬੰਸ ਸਿੰਘ ਜੀ, ਕੋ-ਆਪਟਿਡ ਮੈਂਬਰ
ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ ਬੋਰਡ, (ਅਖੰਡ ਕੀਰਤਨੀ ਜਥਾ)
C/O ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿਲੀ-੬

# ਸੂਰਾ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ 21 ਪਾਠਕਾਂ ਵਿਚੋਂ ਸ: ਹਰਭਜਨ ਸਿੰਘ ਗਿਲ ਯੂ. ਕੇ. ਵਲੋਂ ਸਾਢੇ ਸਤ ਸੌ ਅਤੇ ਬਾਕੀ 20 ਸਜਣਾਂ ਵਲੋਂ ਡੇਢ ਡੇਢ ਸੌ ਰੁਪਏ ਪੁੱਜੇ ਹਨ। ਬੈਂਕ ਵਿਚੋਂ ਬਣਵਾਈ ਸਾਂਝੀ ਐਫ. ਡੀ. ਦਾ ਨੰਬਰ ਇਉਂ ਹੈ—671525/548/84 ਮਿਤੀ 22.10 84, ਰਕਮ 3750/- ਰੁਪਏ।

ਸ: ਹਰਬੰਸ ਸਿੰਘ 6280, ਸ: ਕਰਤਾਰ ਸਿੰਘ ਸਬ ਇੰਸਪੈਕਟਰ ਮਾਰਕਫੈਡ 6281, ਨਾਇਕ ਅਮਰਜੀਤ ਸਿੰਘ 6282, ਸ: ਮੰਗਲ ਸਿੰਘ ਐਂਡ ਸਨਜ਼ 6283, ਸ: ਗੋਪਾਲ ਸਿੰਘ ਘੁਮਾਣ 6284, ਸ: ਹਰਭਜਨ ਸਿੰਘ ਗਿਲ 2052/6285, ਸ: ਵਰਿਆਮ ਸਿੰਘ ਛਾਬੜਾ 6286, ਭਾ: ਕਰਮਜੀਤ ਸਿੰਘ ਰਾਗੀ 6287, ਗੁਰਦਵਾਰਾ ਸਾਹਿਬ ਸ਼ੇਰ ਗੜ੍ਹ 6288, ਸ: ਨਿਰਮਲ ਸਿੰਘ 6289, ਸ: ਹਰਭਜਨ ਸਿੰਘ ਸਟੈਨੋ 6290, ਐਮ. ਐਫ. ਪੂਨ ਪੁਲੀਸ ਸਬ ਇਨਸਪੈਕਟਰ 6291, ਸ: ਮੰਗਲ ਸਿੰਘ 6292, ਸ: ਸੁਖਦੇਵ ਸਿੰਘ ਤੂਰ ਬੀ.ਟੀ. 6293, ਡਾ: ਦਿਲਬਾਗ ਸਿੰਘ 6294, ਸ:ਸੁਖਦੇਵ ਸਿੰਘ ਲੁਧਿਆਣਾ 6295, ਸ: ਗੁਰਬਖਸ਼ ਸਿੰਘ ਕਨਟ੍ਰੈਕਟਰ 6296, ਸ: ਮਾਨ ਸਿੰਘ 6297, ਪ੍ਰਧਾਨ ਏਅਰ ਫੋਰਸ ਗੁਰਦਵਾਰਾ ਭੁਜ 6298, ਸ: ਹਰਚਰਨ ਸਿੰਘ 6299, ਸ: ਜੇ. ਐਸ. ਖ਼ਨੂਜਾ X.E.N. 6300।

ਸ. ਅਮੋਲਕ ਕੀਨੀਆ ਈਸਟ ਅਫਰੀਕਾ ਵਲੋਂ 750/- ਰੁਪਏ ਪੁਜੇ ਹਨ, ਉਨ੍ਹਾਂ ਨੂੰ ਇਕ ਪੁਰਾਣੇ ਨੰਬਰ ਤੇ ਐਫ. ਡੀ. ਅਲਾਟ ਕੀਤੀ ਗਈ ਹੈ। ਉਨ੍ਹਾਂ ਦਾ ਚਿੱਟ ਨੰਬਰ 2177/3351 ਅਤੇ ਐਫ.ਡੀ. ਨੰ: 346563/273/83 ਮਿਤੀ 29.4.83 ਹੈ।


www.AKJ.Org

## ਪਾ: ੬ ਗੁ: ਚਰਨ ਕੰਵਲ ਬੰਗਾ ਵਿਖੇ ਸਾਲਾਨਾ ਸ਼ਹੀਦੀ ਗੁਰਪੁਰਬ

### ੨੯ ਨਵੰਬਰ ਵੀਰਵਾਰ ਸਵੇਰ ਤੋਂ ੨ ਦਸੰਬਰ ੧੯੮੪ ਐਤਵਾਰ ਸਵੇਰ ਤਕ

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਗੁ: ਚਰਨ ਕੰਵਲ ਬੰਗਾ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਬੜੀ ਸ਼ਰਧਾ ਭਾਵਨੀ ਸਹਿਤ ਮਨਾਇਆ ਜਾ ਰਿਹਾ ਹੈ । ਆਇ ਜੁੜੋ ਜੀ ਅਤੇ ਲਾਹੇ ਪ੍ਰਾਪਤ ਕਰੋ ਜੀ ।

੨੯ ਨਵੰਬਰ ਸਵੇਰੇ ਸ੍ਰੀ ਅਖੰਡਪਾਠ ਅਰੰਭ ਗੁਰਦੁਆਰਾ ਚਰਨ ਕੰਵਲ ਪਾ: ੬ ਬੰਗਾ ਵਿਖੇ

੩੦ ਨਵੰਬਰ ਸ਼ਾਮ ੭ ਤੋਂ ੯-੩੦ ਅਖੰਡ-ਕੀਰਤਨ ਗੁਰਦੁਆਰਾ ਨਾਨਕ ਸਤਿਸੰਗ ਸਭਾ ਬੰਗਾ

੧ ਦਸੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਤੇ ੧੨ ਵਜੇ ਤਕ ਅਖੰਡ ਕੀਰਤਨ ਗੁ: ਚਰਨ ਕੰਵਲ ਵਿਖੇ, ੬ ਵਜੇ ਸ਼ਾਮ ਅੰਮ੍ਰਿਤ ਸੰਚਾਰ, ਸ਼ਾਮ ੭ ਵਜੇ ਰੈਣ ਸਬਾਈ ਕੀਰਤਨ ਅਰੰਭ, ੨ ਦਸੰਬਰ ਸਵੇਰੇਂ ੭ ਵਜੇ ਸਮਾਪਤੀ ।

ਨੋਟ—ਗੁ: ਚਰਨ ਕੰਵਲ ਨਵਾਂ ਸ਼ਹਿਰ ਸੜਕ ਤੇ ਹੈ । ਰਿਹਾਇਸ਼ ਲਈ ਬਿਸਤਰੇ ਨਾਲ ਲਿਆਓ ਜੀ ।

ਪੁਛ ਗਿਛ—ਭਾ: ਕਰਨੈਲ ਸਿੰਘ ਭੁੱਗਲ, ਰੇਲਵੇ ਰੋਡ, ਬੰਗਾ (੨) ਭਾ: ਹਰਮਹਿੰਦਰ ਸਿੰਘ ਗੋਬਿੰਦਪੁਰੀ, ਸਿਖ ਨੈਸ਼ਨਲ ਕਾਲਜ, ਚਰਨ ਕੰਵਲ, ਬੰਗਾ

ਦਾਸਰੇ—ਅਖੰਡ ਕੀਰਤਨੀ ਜਥਾ ਇਲਾਕਾ ਬੰਗਾ

---

### ਪਿੰਡ ਕੋਠੇ ਸ਼ੇਰ ਜੰਗ (ਜਗਰਾਉਂ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਸੂਚਨਾ ਦੇਂਦੇ ਹਨ ਕਿ ੧੭ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਭਾਈ ਹਰੀ ਸਿੰਘ ਦੇ ਗ੍ਰਹਿ ਵਿਖੇ ਪਿੰਡ ਕੋਠੇ ਸ਼ੇਰ ਜੰਗ (ਨੇੜੇ ਜਗਰਾਉਂ) ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਜੁੜੋ ਜੀ ।

---

### ਜਗਾਧਰੀ ਵਿਖੇ ਅਖੰਡ ਕੀਰਤਨ ਸਮਾਗਮ

ਸ: ਦਵਿੰਦਰ ਸਿੰਘ ਜੀ ਸੂਚਨਾ ਦੇਂਦੇ ਹਨ ਕਿ ੧੧ ਨਵੰਬਰ ਐਤਵਾਰ ਨੂੰ ਸਵੇਰੇ ੫ ਤੋਂ ੧ ਵਜੇ ਤਕ ਗੁ: ਸਿੰਘ ਸਭਾ ਲੋਹਾਰਾ ਮਹੱਲਾ ਜਗਾਧਰੀ ਵਿਖੇ ਅਖੰਡ ਕੀਰਤਨ ਹੋਣਗੇ । ਪੁਜ ਕੇ ਰਸ ਮਾਣੋ ਜੀ ।

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਪੁਰਬ ਤੇ ਸ਼ਹੀਦੀ ਦਿਵਸ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਦਿੰਦੇ ਹਨ ਕਿ ਯੂ.ਕੇ. ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋ ਰਹੇ ਹਨ—

(੧) ਦਸਮੇਸ਼ ਜੀ ਦੇ ਚਾਰ ਸਾਹਿਬਜ਼ਾਦੇ—ਸ਼ਹੀਦੀ ਦਿਵਸ 25 ਤੋਂ 27 ਦਸੰਬਰ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ਦੀ ਵਰਖਾ Sikh Temple, Meadway Town, Chatam, Rochester ਵਿਖੇ ।
ਇਹ ਸਮਾਗਮ ਇੰਟਰਨੈਸ਼ਨਲ ਪਧਰ ਤੇ ਹਰ ਸਾਲ ਵਾਂਗ ਮਨਾਇਆ ਜਾ ਰਿਹਾ ਹੈ ।
ਵਧੇਰੇ ਜਾਣਕਾਰੀ ਲਈ—ਭਾਈ ਹਰਬਖਸ਼ ਸਿੰਘ ਜੀ "ਸਰਾਏ", ਫੋਨ 0634-407547

(੨) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼-ਉਤਸ਼ਵ ਗੁਰਪੁਰਬ—28 ਤੋਂ 30 ਦਸੰਬਰ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ਦੀ ਫੁਹਾਰ 1--3 Peartree Street, Near Junior School, Derby U.K (ਗ੍ਰਹਿ ਵਿਖੇ) ਵਲੋਂ ਬੀਬੀ ਇਕਬਾਲ ਕੌਰ ਜੀ ਅਤੇ ਪਰਵਾਰ, ਫੋਨ 0332-763433

### ਯੂ. ਕੇ. ਦੇ ਚੰਦੇ ਖ਼ਤਮ, ਪਾਠਕਾਂ ਨੂੰ ਬੇਨਤੀ :-

ਯੂ. ਕੇ (ਇੰਗਲੈਂਡ) ਵਿਚ ਹੇਠ ਲਿਖੇ ਪਾਠਕਾਂ ਦੇ ਚੰਦੇ ਖ਼ਤਮ ਹਨ । ਆਪ ਜੀ ਆਪਣੇ ਚੰਦੇ ਯੂ. ਕੇ. ਵਿਚ ਇਸ ਪਤੇ ਤੇ ਜਮ੍ਹਾ ਕਰਵਾ ਸਕਦੇ ਹੋ—ਸ: ਗੁਰਨਾਮ ਸਿੰਘ ਜੀ, 10-Lambourne Grnds, Early, Reading--Berks.

| ਚਿਟ ਨੰਬਰ | ਨਾਂ ਤੇ ਸ਼ਹਿਰ | | ਚਿਟ ਨੰਬਰ | ਨਾਂ ਤੇ ਸ਼ਹਿਰ | |
|---|---|---|---|---|---|
| 2153 | ਸ: ਜਸਪਾਲ ਸਿੰਘ ਜੀ ਸਾਊਥਹਾਲ | ਅਗਸਤ 84 ਤੋਂ | 2040 | ਸ: ਜੁਝਾਰ ਸਿੰਘ ਜੀ, ਬਰਮਿੰਘਮ | ਨਵੰਬਰ 84 ਤੋਂ |
| 2158 | ਸ: ਰਣਜੀਤ ਸਿੰਘ ਜੀ ਸਾਊਥਹਾਲ | ,, ,, | 2078 | ਭਾ: ਓਅੰਕਾਰ ਸਿੰਘ ਜੀ, ਸਾਊਥਹਾਲ | ਅਕਤੂਬਰ 84 ਤੋਂ |
| 2161 | ਸ: ਸ਼ਿੰਗਾਰਾ ਸਿੰਘ ਜੀ Rainham | ,, ,, | 2117 | ਸ: ਪਵਿਤਰ ਸਿੰਘ ਜੀ Hudderfield | ਨਵੰਬਰ 84 ਤੋਂ |
| 2183 | ਭਾ: ਰੇਸ਼ਮ ਸਿੰਘ ਜੀ Leamington | ,, ,, | 2179 | ਭਾ: ਗੁਰਬਖਸ਼ ਸਿੰਘ ਜੀ ਲਿਸਟਰ | ,, ,, |
| 2200 | ਸ: ਸੁਖਵਿੰਦਰ ਸਿੰਘ ਜੀ, ਬਰਮਿੰਘਮ-੯ | ,, ,, | 2187 | ਭਾ: ਜਰਨੈਲ ਸਿੰਘ ਜੀ ਲਿਸਟਰ | ,, ,, |
| 2013 | ਭਾ: ਕੁਲਵੰਤਸਿੰਘ ਜੀ, ਸਾਊਥਹਾਲ | ਨਵੰਬਰ 84 ਤੋਂ | 2401 | ਭਾ: ਗੁਰਦੀਪ ਸਿੰਘ ਜੀ ਲਿਸਟਰ | ,, ,, |
| 2019 | ਭਾ: ਅਮਰਜੀਤ ਸਿੰਘ ਜੀ, ਸਾਊਥਹਾਲ | ,, ,, | 2404 | ਸ: ਗੁਰਨਾਮ ਸਿੰਘ ਜੀ ਬ੍ਰੈਡਫੋਰਡ | ,, ,, |
| 2038 | ਭਾ: ਮਹਿੰਦਰ ਸਿੰਘ ਜੀ, ਰੋਚੈਸਟਰ | ,, ,, | | | |


ਪ੍ਰਾਰਥਕ—ਮੈਨੇਜਰ, 'ਸੂਰਾ'

www.AKJ.Org

# ਕੌਲਸਰ ਸਰੋਵਰ ਦੀ ਕਾਰ-ਸੇਵਾ

ਸ੍ਰੀ ਹਰਿਮੰਦਰ ਸਾਹਿਬ ਦੇ ਪਵਿਤਰ ਸਰੋਵਰ ਦੀ ਕਾਰ ਸੇਵਾ ਲਈ ਪੁਜੀਆਂ ਸੰਗਤਾਂ ਠਾਠਾਂ ਮਾਰਦੇ ਸਮੁੰਦਰ ਵਾਂਗ ਵੇਖ ਕੇ, ਬਾਬਾ ਖੜਕ ਸਿੰਘ ਜੀ ਨੇ ਨਾਲ ਲਗਦੇ ਗੁਰਦੁਆਰਾ ਬਾਬਾ ਅਟੱਲ ਸਾਹਿਬ ਦੇ ਸਰੋਵਰ 'ਕੌਲਸਰ' ਦੀ ਕਾਰ-ਸੇਵਾ ਅਰੰਭ ਕਰਵਾ ਦਿਤੀ, ਜੋ ਦੋ ਦਿਨਾਂ ਵਿਚ ਹੀ ਮੁਕੰਮਲ ਹੋ ਗਈ।

ਇਸ ਤਸਵੀਰ ਵਿਚ ਕੌਲਸਰ ਸਰੋਵਰ ਦੀ ਕਾਰ ਸੇਵਾ ਸਿਖ ਸੰਗਤਾਂ ਡਾਢੇ ਪਿਆਰ ਸਿਦਕ ਤੇ ਚਾਅ ਉਮਾਹ ਨਾਲ ਕਰਦੀਆਂ ਨਜ਼ਰ ਆ ਰਹੀਆਂ ਹਨ।



## ਗੁਰੂ ਨਾਨਕ ਨਿਰੰਕਾਰੀ ਦਾ ਪ੍ਰਕਾਸ਼ ਉਤਸ਼ਵ ਬਠਿੰਡੇ ਵਿਖੇ

ਅਖੰਡ ਕੀਰਤਨੀ ਜਥਿਆਂ ਵਲੋਂ ਪ੍ਰੋਗਰਾਮ

5 ਨਵੰਬਰ ਸ਼ਾਮ 6 ਤੋਂ 9 ਕੀਰਤਨ ਗੁ: ਹਾਜੀ ਰਤਨ, 6 ਨਵੰਬਰ ਸਵੇਰੇ 4 ਤੋਂ 7 ਆਸਾ ਦੀ ਵਾਰ ਤੇ ਅਰੰਭ ਸ੍ਰੀ ਅਖੰਡ ਪਾਠ ਗੁ: ਹਾਜੀ ਰਤਨ, ਸ਼ਾਮ 3 ਤੋਂ 6 ਕੀਰਤਨ ਗੁ: ਲੱਖੀ ਜੰਗਲ, 7 ਨਵੰਬਰ ਸਵੇਰੇ 5 ਤੋਂ 12 ਕੀਰਤਨ ਤਖਤ ਸ੍ਰੀ ਦਮਦਮਾ ਸਾਹਿਬ, ਸ਼ਾਮ 6 ਤੋਂ 9 ਕੀਰਤਨ ਗੁ: ਪਾ: ੧੦ ਕਿਲ੍ਹਾ ਬਠਿੰਡਾ, 8 ਨਵੰਬਰ ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਤੇ ਦੁਪਹਿਰ ਇਕ ਤਕ ਕੀਰਤਨ ਗੁ: ਹਾਜੀ ਰਤਨ, ਸ਼ਾਮ 5 ਵਜੇ ਅੰਮ੍ਰਿਤ ਸੰਚਾਰ ਅਰੰਭ, ਸ਼ਾਮ 7 ਵਜੇ ਰੈਣ ਸਬਾਈ ਕੀਰਤਨ ਅਰੰਭ, 9 ਨਵੰਬਰ ਸਵੇਰੇ 6 ਵਜੇ ਸਮਾਪਤੀ।

ਨੋਟ—ਰਿਹਾਇਸ਼ ਗੁ: ਹਾਜੀ ਰਤਨ ਵਿਖੇ। ਲੱਖੀ ਜੰਗਲ ਤੇ ਤਖਤ ਦਮਦਮਾ ਸਾਹਿਬ ਲਈ ਵਿਸ਼ੇਸ਼ ਬਸਾਂ ਦਾ ਪਰਬੰਧ ਹੋਵੇਗਾ।

## ਸ਼ਹੀਦੀ ਗੁਰਪੁਰਬ ਦਿਵਸ ਤੇ ਬਸੀ ਪਠਾਣਾਂ ਵਿਖੇ ਰੈਣ ਸਬਾਈ ਕੀਰਤਨ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਂਦਿਆਂ ਸ੍ਰੀ ਲਾਲ ਗੁਰਦੁਆਰਾ ਧੱਬੀ ਮਹੱਲਾ ਬਸੀ ਪਠਾਣਾਂ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ। ਪ੍ਰਾਰਥਕ ਦਾਸ—ਜਸਵੰਤ ਸਿੰਘ ਗੁੰਬੀ

---

ਭਾਈ ਸੁਰਜੀਤ ਸਿੰਘ ਨਿਹੰਗ ਦੇ ਗ੍ਰਹਿ ਪਿੰਡ ਧੰਦੋਈ (ਬਟਾਲਾ-ਹਰਗੋਬਿੰਦਪੁਰ) ਵਿਖੇ ਇਕ ਦਸੰਬਰ ਨੂੰ ਸਵੇਰੇ ਅਖੰਡਪਾਠ ਤੇ ਕੀਰਤਨ ਭਾ: ਜੋਗਾ ਸਿੰਘ ਜਸਵੰਤ ਸਿੰਘ

---

ਮਾਡਲ ਟਾਊਨ, ਬ੍ਰੇਲੀ ਦੇ ਗ੍ਰਹਿ ਵਿਖੇ 10 ਨਵੰਬਰ ਸਵੇਰੇ ਭੋਗ ਅਖੰਡਪਾਠ ਤੇ ਕੀਰਤਨ ਨੌਜਵਾਨ ਅਖੰਡ ਕੀਰਤਨੀ ਜਥੇ ਵਲੋਂ

www.AKJ.Org